# ECHO OF HIS CALL

## ਬੁਲਾਵੇ ਦੀ ਗੂੰਜ

PUNJABI

₹ 10/-

ECHO OF HIS CALL 1969-2019 GOLDEN JUBILEE

REACHING NATIONS

India's National Spiritual Newspaper

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Pr. SHIVINDER KUMAR

VOL. XXIV | MARCH 2024 | No. 10


### ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 31:17-24

17 ਹੇ ਯਹੋਵਾਹ, ਮੈਨੂੰ ਸ਼ਰਮਿੰਦਾ ਨਾ ਹੋਣ ਦੇ, ਮੈਂ
ਜੋ ਤੈਨੂੰ ਪੁਕਾਰਿਆ ਹੈ। ਦੁਸ਼ਟ ਸ਼ਰਮਿੰਦੇ ਹੋਣ,
ਓਹ ਚੁੱਪ-ਚਾਪ ਅਧੋਲੋਕ ਵਿੱਚ ਪਏ ਰਹਿਣ!
18 ਉਹ ਝੂਠੇ ਬੁੱਲ ਬੰਦ ਹੋ ਜਾਣ, ਜਿਹੜੇ
ਧਰਮੀ ਦੇ ਵਿਰੁੱਧ ਬੇਅਦਬੀ ਦੇ ਨਾਲ, ਹੰਕਾਰ
ਅਤੇ ਨਫ਼ਰਤ ਨਾਲ ਬੋਲਦੇ ਹਨ!
19 ਕਿੰਨ੍ਹੀ ਵੱਡੀ ਹੈ ਤੇਰੀ ਭਲਿਆਈ !ਜਿਹੜੀ ਤੂੰ
ਆਪਣੇ ਭੈਅ ਮੰਨਣ ਵਾਲਿਆਂ ਦੇ ਲਈ ਗੁਪਤ
ਕਰ ਰੱਖੀ ਹੈ, ਜਿਹੜੀ ਤੂੰ ਆਪਣੇ
ਸ਼ਰਨਾਰਥੀਆਂ ਲਈ ਆਦਮ ਵੰਸ਼ ਦੇ ਸਨਮੁਖ
ਪਰਗਟ ਕੀਤੀ ਹੈ।
20 ਤੂੰ ਉਨ੍ਹਾਂ ਨੂੰ ਆਪਣੀ ਹਜ਼ੂਰੀ ਦੀ ਓਟ ਵਿੱਚ
ਮਨੁੱਖ ਦੀਆਂ ਜੁਗਤਾਂ ਤੋਂ ਛਿਪਾਵੇਂਗਾ, ਤੂੰ ਉਨ੍ਹਾਂ ਨੂੰ
ਜੀਭਾਂ ਦੇ ਝਗੜੇ ਤੋਂ ਆਪਣੇ ਮੰਡਪ ਵਿੱਚ ਲੁਕਾ
ਰੱਖੇਂਗਾ।
21 ਯਹੋਵਾਹ ਮੁਬਾਰਕ ਹੋਵੇ, ਕਿਉਂ ਜੋ ਉਸ ਨੇ
ਇੱਕ ਘੇਰੇ ਹੋਏ ਸ਼ਹਿਰ ਵਿੱਚ ਮੇਰੇ ਉੱਤੇ ਆਪਣੀ
ਅਚਰਜ਼ ਦਯਾ ਕੀਤੀ ਹੈ।
22 ਪਰ ਮੈਂ ਆਪਣੀ ਘਬਰਾਹਟ ਵਿੱਚ ਆਖਿਆ
ਸੀ ਕਿ ਤੇਰੀਆਂ ਅੱਖੀਆਂ ਦੇ ਅੱਗੋਂ ਮੈਂ ਕੱਟਿਆਂ
ਗਿਆ ਹਾਂ, ਤਾਂ ਵੀ ਜਦੋਂ ਮੈਂ ਤੇਰੀ ਦੁਹਾਈ ਦਿੱਤੀ
ਤੂੰ ਮੇਰੀਆਂ ਬੇਨਤੀਆਂ ਦੀ ਅਵਾਜ਼ ਸੁਣੀ।
23 ਹੇ ਯਹੋਵਾਹ ਦੇ ਸਾਰੇ ਸੰਤੋ, ਉਹ ਦੇ ਨਾਲ
ਪ੍ਰੇਮ ਰੱਖੋ, ਯਹੋਵਾਹ ਸੱਚਿਆਂ ਦਾ ਰਾਖ਼ਾ ਹੈ, ਪਰ
ਹੰਕਾਰੀਆਂ ਨੂੰ ਪੂਰੀ ਸਜ਼ਾ ਦਿੰਦਾ ਹੈ ।
24 ਹੇ ਸਾਰੇ ਯਹੋਵਾਹ ਦੀ ਆਸ ਰੱਖਣ ਵਾਲਿਓ,
ਤਕੜੇ ਹੋਵੋ ਅਤੇ ਤੁਹਾਡਾ ਮਨ ਦਲੇਰ ਹੋਵੇ!

# ਨਿਸ਼ਚਿਤ ਪਰਮੇਸ਼ੁਰ ਦੇ ਨਾਲ ਅਨਿਸ਼ਚਿਤ ਸਮੇਂ


ਮਾਨਯੋਗ ਸੰਪਾਦਕ-ਇਨ-ਚੀਫ਼, ਰੇਵ. ਐਂਜਲੀਨ ਸੇਲਵਾਕੁਮਾਰੀ


**ਤੂੰ ਉਹ ਪਰਮੇਸ਼ੁਰ ਹੈਂ ਜੋ ਅਚਰਜ ਕੰਮ ਕਰਦਾ ਹੈਂ,ਤੂੰ ਲੋਕਾਂ ਦੇ ਵਿੱਚ ਆਪਣੀ ਸ਼ਕਤੀ ਪ੍ਰਗਟ ਕੀਤੀ ਹੈ। - ਜ਼ਬੂਰ 77:14**



ਯਿਸੂ ਮਸੀਹ ਦੇ ਨਾਮ ਵਿੱਚ ਸ਼ੁਭਕਾਮਨਾਵਾਂ! ਇੱਕ ਵਾਰ ਫਿਰ, ਇਸ ਲੇਖ ਰਾਹੀਂ ਤੁਹਾਡੇ ਨਾਲ ਜੁੜਨਾ ਬਹੁਤ ਖੁਸ਼ੀ ਦੀ ਗੱਲ ਹੈ। ਅਸੀਂ ਇਸ ਸਾਲ ਇੱਕ ਅਜਿਹਾ ਪਰਮੇਸ਼ੁਰ ਹੈ ਜੋ ਅਚਰਜ ਕੰਮ ਕਰਦਾ ਹੈ, ਅਤੇ ਉਹ ਆਪਣੇ ਲੋਕਾਂ ਵਿੱਚ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਵਿੱਚ ਖੁਸ਼ ਹੈ। ਉਹ ਅਸੰਭਵ ਨੂੰ ਪੂਰਾ ਕਰਨ ਲਈ ਉਤਸੁਕਤਾ ਨਾਲ ਉਡੀਕ ਕਰਦਾ ਹੈ ਅਤੇ ਇਸ ਯਾਤਰਾ ਦੌਰਾਨ, ਉਸ ਵਿੱਚ ਸਾਡੇ ਅਟੁੱਟ ਭਰੋਸੇ ਵਿੱਚ ਖੁਸ਼ ਹੁੰਦਾ ਹੈ।

ਸਾਡੀ ਜ਼ਿੰਦਗੀ ਦਾ ਸਫ਼ਰ ਬਹੁਤ ਸਾਰੇ ਅਚਾਨਕ ਮੋੜਾਂ ਨਾਲ ਭਰਿਆ ਹੋਇਆ ਹੈ, ਜਿਵੇਂ ਕਿ ਰਫ਼ਤਾਰ ਉਭਾਰ,ਅਨਦੇਖੀ ਰੋਸ਼ਨੀ,ਮੋੜ,ਅਚਾਨਕ ਗਿਰਨਾ, ਅਤੇ ਹੋਰ ਬਹੁਤ ਕੁਝ, ਇਸ ਨੂੰ ਬਹੁਤ ਜ਼ਿਆਦਾ ਅਸਥਿਰ ਬਣਾਉਂਦਾ ਹੈ। ਲਗਾਤਾਰ ਤਬਦੀਲੀਆਂ ਨਾਲ ਭਰੀਆਂ ਇਹਨਾਂ ਅਣਜਾਣ ਸੜਕਾਂ ਵਿੱਚੋਂ ਲੰਘਣਾ ਇੱਕ ਮਹੱਤਵਪੂਰਨ ਚੁਣੌਤੀ ਹੈ।


(ਚਲਦਾ ਸਫਾ 3-)



ਬੁਲਾਵ ਦੀ ਗੂੰਜ



ਮਸੀਹੀ ਯੂ-ਟਯੂਬ ਚੈਨਲ

ਪਾ. ਸੈਮ ਸੇਲਵਾ ਰਾਜ ਨਾਲ ਨਿੱਜੀ ਤੌਰ 'ਤੇ ਪ੍ਰਾਰਥਨਾ ਕਰ ਸਕਦੇ ਹੋ।

5 ਮਿੰਟ ਦੇ ਸੰਦੇਸ਼!!

ਅੰਗ੍ਰੇਜ਼ੀ ਅਤੇ ਹਿੰਦੀ ਤਮਿਲ ਅਤੇ ਤੇਲਗੂ

Every day – From 2.00 A.M.

ਐਤਵਾਰ ਦੀ ਤਮਿਲ ਸਭਾ ਸਵੇਰੇ 8:30 ਵਜੇ

# ECHO OF HIS CALL - (1969-2019 GOLDEN JUBILEE YEAR)

## *from your dearly beloved brother...*

REACHING NATIONS





"ਧੰਨ ਹੋਵੇ ਪਰਮੇਸ਼ੁਰ, ਇਸਰਾਏਲ ਦਾ ਪਰਮੇਸ਼ੁਰ, ਜਿਹੜਾ ਸਿਰਫ਼ ਅਚਰਜ ਕੰਮ ਕਰਦਾ ਹੈ।" — ਜ਼ਬੂਰ 72:18

ਅਸੀਂ ਤੁਹਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਬੇਮਿਸਾਲ ਨਾਮ ਵਿੱਚ ਸ਼ੁਭਕਾਮਨਾ ਦਿੰਦੇ ਹਾਂ। ਪ੍ਰਭੂ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਸਾਡੀਆਂ ਸੇਵਕਾਈਆਂ ਵਿੱਚ ਸ਼ਾਨਦਾਰ ਤਰੀਕੇ ਨਾਲ ਅਗਵਾਈ ਕੀਤੀ ਹੈ। ਸਾਡੇ ਯੂਟਿਊਬ ਚੈਨਲ ਦੁਆਰਾ ਅਤੇ ਸਾਡੇ (**ਈਕੋ ਆਫ਼ ਹਿਜ਼ ਕਾਲ) ਉਸ ਦੇ ਬੁਲਾਵੇ ਦੀ ਗੂੰਜ ਦੇ** ਮਾਸਿਕ ਰਸਾਲੇ ਦੁਆਰਾ ਜਾਰੀ ਕੀਤੇ ਗਏ ਉਸਦੇ ਪਿਆਰ ਭਰੇ ਸੰਦੇਸ਼ਾਂ ਦੁਆਰਾ, ਪ੍ਰਭੂ ਨੇ ਬਹੁਤ ਸਾਰੇ



ਨਵੇਂ ਸਾਲ ਦੀ ਵਾਚ ਨਾਈਟ ਸਭਾ

### ਸਾਡੀ ਮਿਸ਼ਨ ਨੀਤੀ

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ


HON. EDITOR-IN-CHIEF
Rev. Angeline S. Kumari, M.A., M.Sc., M.Ed.

MANAGING EDITOR
Pastor Alex Samson Sam, B.Th., M.Div.

GENERAL MANAGER
Bro. N. Prakasam, M.A.,M.Sc.(C&P), PGDHRM., MBA.

ADMINISTRATION
Sis. Jesy Veena Sam
Adv. K. Puratchivendan, M.Com., C.A., B.L.
Dr. P.E.R. Premchand, M.Sc., M.A., M.Ed., Ph.D.
Dr. C.G.S. Baburao, B.Tech., M.Tech. (DM), Ph.D.
Dr. Rabinder Boaz, M.S. (CMC)

EDITORIAL BOARD
Dr. Serena Bevin, M.A., M.Phil., B.Ed.
Sis. Sajini Cherian
Sis. L. Mariya Anjalin, M.A., M.Sc., B.Ed.
Rev. Dr. K.R. Rajasekaran

EDITOR, PUBLISHER & PRINTER
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 98412 71858 95661 31858

E.MAIL
sam@echoofhiscall.org
biblecor@yahoo.co.in

WEBSITES
www.echoofhiscall.org
www.stpaulsmatriculation.com

YOUTUBE CHANNEL
Echo of His Call




ਪਾ. ਅਰੋਕਿਆਦਾਸ ਸੀਨੀਅਰ ਪਾਸਟਰ ਨਾਲ

ਉਹਨਾਂ ਲੋਕਾਂ ਨਾਲ,ਜੋ ਦੂਰ ਰਹਿੰਦੇ ਹਨ ਮੁਲਾਕਾਤ ਕੀਤੀ ਹੈ। ਪ੍ਰਭੂ ਨੇ 31 ਦਸੰਬਰ 2023 ਨੂੰ ਆਯੋਜਿਤ (ਵਾਚ ਨਾਈਟ ਨਿਊ ਈਅਰ ਸਰਵਿਸ) ਨਵੇਂ ਸਾਲ ਦੀ ਰਾਤ ਦੀ ਸਭਾ ਨੂੰ ਬਹੁਤ ਹੀ ਮੁਬਾਰਕ ਤਰੀਕੇ ਨਾਲ ਅਸੀਸ ਦਿੱਤੀ।

ਪਾਦਰੀ ਪੀ. ਅਰੋਕਿਆਦਾਸ, ਜਿਸਨੇ **ਨਹਮਯਾਹ ਬਾਈਬਲ ਕਾਲਜ ਵਿੱਚ ਪੜ੍ਹਾਈ ਕੀਤੀ** , ਹੁਣ ਵਾਲਸਾਰਵੱਕਮ ਵਿੱਚ ਹੈ। ਉਹ ਸਾਡੇ ਮੁੱਖ ਪ੍ਰਬੰਧਕੀ ਦਫਤਰ ਵਿੱਚ ਆਏ ਅਤੇ ਆਪਣੀ ਸ਼ਕਤੀਸ਼ਾਲੀ ਗਵਾਹੀ ਸਾਂਝੀ ਕੀਤੀ। ਉਨ੍ਹਾਂ ਨੇ ਉੱਥੇ ਨਵੀਂ ਸੇਵਕਾਈ ਸ਼ੁਰੂ ਕੀਤੀ ਹੈ।



ਭਾਈ ਸੁਰੇਸ਼ ਤਿਰਗੇ ਅਤੇ ਉਸਦਾ ਪੁੱਤਰ ਅਵਿਨਾਸ਼ ਤਿਰਗੇ ਸੀਨੀਅਰ ਪਾਸਟਰ ਜੀ ਦੇ ਨਾਲ

**Our Ministries:** ECHO OF HIS CALL Monthly Magazines (16 languages) ◘ BIBLECOR - Postal Courses (3 languages) ◘ YouTube Ministry ◘ Online Courses ◘ Theological Correspondence Courses (2 languages) ◘ Church Planting ◘ Nehemiah Bible Colleges ◘ Gospel Printing Press ◘ Great Commission Partners ◘ St. Paul's Matriculation School ◘ Crusades ◘ Community Development

ਭਾਈ ਸੁਰੇਸ਼ ਤਿਰਗੇ ਰਾਜ, ਛੱਤੀਸਗੜ੍ਹ ਤੋਂ ਅਤੇ ਉਸਦਾ ਪੁੱਤਰ ਅਵਿਨਾਸ਼ ਤਿਰਗੇ ਆਪਣੇ ਰਿਸ਼ਤੇਦਾਰਾਂ ਨਾਲ ਸਾਡੀ ਮੁੱਖ ਕਲੀਸਿਯਾ ਵਿੱਚ ਆਏ। ਉਸਨੇ ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਦੀ ਮਹਿਮਾ ਕੀਤੀ ਕਿਉਂਕਿ ਉਸਨੂੰ ਹਿੰਦੀ ਵਿੱਚ ਸਾਡੀ (**ਈਕੋ ਆਫ਼ ਹਿਜ਼ ਕਾਲ) ਉਸ ਦੇ ਬੁਲਾਵੇ ਦੀ ਗੂੰਜ** ਰਸਾਲਾ ਪੜ੍ਹ ਕੇ ਅਸੀਸ ਮਿਲੀ ਸੀ।





**ਮਹਾਬਲੀਪੁਰਮ ਵਿੱਚ ਇੱਕ ਦਿਨ ਦੀ ਰਿਟ੍ਰੀਟ ਸਭਾ**

ਕਿਰਪਾ ਕਰਕੇ ਪ੍ਰਭੂ ਦੇ ਸਾਡੇ ਪਹਿਲੀ ਲਾਈਨ ਵਿੱਚ ਕੰਮ ਕਰ ਰਹੇ ਸਹਿ-ਕਰਮਚਾਰੀਆਂ ਲਈ ਪ੍ਰਾਰਥਨਾ ਕਰੋ ਕਿਉਂਕਿ ਉਹ ਸਾਡੀ ਮੁੱਖ ਕਲੀਸਿਯਾ ਦੀਆਂ ਬਹੁਪੱਖੀ ਗਤੀਵਿਧੀਆਂ ਵਿੱਚ ਸੇਵਾ ਕਰਦੇ ਹਨ।

**ਬਾਈਬਲ ਕਾਲਜ ਦੇ ਵਿਦਿਆਰਥੀਆਂ** ਅਤੇ ਮੁੱਖ ਕਲੀਸਿਯਾ ਦੇ ਨੌਜਵਾਨਾਂ ਸਮੇਤ 60 ਲੋਕਾਂ ਲਈ ਮਹਾਬਲੀਪੁਰਮ ਵਿਖੇ ਆਯੋਜਿਤ ਇੱਕ ਦਿਨ ਦੇ ਰਿਟਰੀਟ ਨੂੰ ਅਸੀਸ ਦਿੱਤੀ। ਪ੍ਰਭੂ ਨੇ ਸਾਡੇ ਰਿਹਾਇਸ਼ੀ ਹਿੰਦੀ **ਨਹਮਯਾਹ ਬਾਈਬਲ ਕਾਲਜ ਦੇ** ਵਿਦਿਆਰਥੀਆਂ ਲਈ ਅਤੇ ਪਿਆਰੇ ਭਰਾ ਵਕੀਲ ਧਰਮਰਾਜ, ਪਾਸਟਰ ਫਰੈਂਕਲਿਨ ਅਤੇ ਪਾਸਟਰ ਦੇਵਦਾਸ ਦੇ ਨਾਲ ਉੱਤਰੀ ਭਾਰਤ ਤੋਂ ਪ੍ਰਵਾਸੀ ਕਰਮਚਾਰੀਆਂ ਲਈ ਖੁਸ਼ਖਬਰੀ ਲਿਆਉਣ ਲਈ,ਇੱਕ ਲੰਬੀ ਮਿਆਦ ਦੀ ਯੋਜਨਾ ਤਿਆਰ ਕਰਨ ਵਿੱਚ ਸਾਡੀ ਮਦਦ ਕੀਤੀ ਜਿਨ੍ਹਾਂ ਨੇ ਆਪਣੇ ਆਪ ਨੂੰ ਹਾਲ ਹੀ ਦੇ ਦਿਨਾਂ ਵਿੱਚ , ਉੱਤਰੀ ਭਾਰਤ ਲਈ ਵਚਨਬੱਧ ਕੀਤਾ ਹੈ।

ਕਿਰਪਾ ਕਰਕੇ ਸਾਰੀਆਂ ਸੇਵਕਾਈਆਂ ਅਤੇ ਪਰਮੇਸ਼ੁਰ ਦੇ ਸਾਰੇ ਸੇਵਕਾਂ ਲਈ **ਉਸਦੇ ਬੁਲਾਵੇ ਦੀ ਗੂੰਜ** ਲਈ ਪ੍ਰਾਰਥਨਾ ਕਰੋ। ਪਰਮੇਸ਼ੁਰ ਦੀ ਕਿਰਪਾ ਤੁਹਾਡੇ ਸਭ ਦੇ ਨਾਲ ਹੋਵੇ। ਆਮੀਨ।

ਮਸੀਹ ਯਿਸੂ ਵਿੱਚ ਤੁਹਾਡਾ ਸੇਵਕ,

ਪਾਸਟਰ ਅਲੈਕਸ ਸੈਮਸਨ ਸੈਮ
ਪਾਸਟਰ ਐਸ ਸੈਮ ਸੇਲਵਾ ਰਾਜ
(+91) 98412 71858 / 98410 71858,
E.mail : sam@echoofhiscall.org

***

## ਉਸਦੇ ਬੁਲਾਵੇ ਦੀ ਗੂੰਜ ਦੇ ਪਾਠ: ਕਿਰਪਾ ਕਰਕੇ ਧਿਆਨ ਦੋ

ਸਾਡੇ 5 ਮਿੰਟ ਦੀ ਈਕੋ ਆਫ਼ ਹਿਜ਼ ਕਾਲ ਯੂਟਿਊਬ ਸੁਨੇਹੇ ਤਮਿਲ, ਤੇਲਗੂ, ਅੰਗਰੇਜ਼ੀ ਅਤੇ ਹਿੰਦੀ (ਰੋਜ਼ਾਨਾ) ਵਿੱਚ ਸਵੇਰੇ 2.00 ਵਜੇ ਤੋਂ ਪ੍ਰਸਾਰਿਤ ਕੀਤੇ ਜਾ ਰਹੇ ਹਨ। ਤੁਸੀਂ ਸੁਨੇਹੇ ਦੇਖ ਕੇ ਪਰਮੇਸ਼ੁਰ ਦੀ ਕਿਰਪਾ ਪ੍ਰਾਪਤ ਕਰ ਸਕਦੇ ਹੋ।

ਇਸ ਤੋਂ ਇਲਾਵਾ, ਮੇਰੇ ਮੋਬਾਈਲ ਨੰਬਰ (+91) 98410 71858, (+91) 98412 71858 (ਨਿੱਜੀ) ਨੂੰ ਆਪਣੇ ਮੋਬਾਈਲ ਫੋਨਾਂ ਵਿੱਚ ਸੁਰੱਖਿਅਤ ਕਰੋ।

- Pr. S. Sam Selva Raj

***

(ਚਲਦਾ ਸਫ਼ਾ 1 ਤੋਂ)

ਜਦੋਂ ਮੈਂ ਗੱਡੀ ਚਲਾਉਂਦਾ ਹਾਂ, ਮੈਂ ਹਮੇਸ਼ਾ (ਮਾਰਗ ਦਰਸ਼ਕ ਯੰਤਰ)ਨੈਵੀਗੇਸ਼ਨ 'ਤੇ ਨਿਰਭਰ ਕਰਦਾ ਹਾਂ। ਪਹਿਲਾਂ, ਇਹ ਯਕੀਨੀ ਬਣਾਉਣ ਲਈ ਕਿ ਮੈਂ ਬਿਨਾਂ ਗੁਆਚਿਆਂ ਆਪਣੀ ਮੰਜ਼ਿਲ 'ਤੇ ਪਹੁੰਚ ਜਾਵਾਂ, ਅਤੇ ਦੂਜਾ, ਅਤੇ ਸਭ ਤੋਂ ਮਹੱਤਵਪੂਰਨ, ਸੜਕ ਦੇ ਅੱਗੇ ਹਾਲਾਤ ਨੂੰ ਸਮਝਣਾ। ਮੈਂ ਇੱਕ ਪਹਾੜੀ ਖੇਤਰ ਵਿੱਚ ਰਹਿੰਦਾ ਹਾਂ ਅਤੇ ਇਸਦਾ ਮਤਲਬ ਹੈ ਕਿ ਮੈਨੂੰ ਬਹੁਤ ਸਾਰੇ ਉਤਰਾਅ-ਚੜ੍ਹਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਗੂਗਲ ਨਕਸ਼ੇ ਵਰਗੀਆਂ ਐਪਲੀਕੇਸ਼ਨਾਂ ਅੱਗੇ ਦੀ ਸੜਕ ਦਾ ਹੂਬਹੂ ਦ੍ਰਿਸ਼ ਪ੍ਰਦਾਨ ਕਰਕੇ ਵਧੇਰੇ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣ ਵਿੱਚ ਮੇਰੀ ਮਦਦ ਕਰਦੀਆਂ ਹਨ। ਉਦਾਹਰਨ ਲਈ, ਮੈਂ ਮੋੜ ਦਾ ਅੰਦਾਜ਼ਾ ਲਗਾ ਸਕਦਾ ਹਾਂ ਅਤੇ ਓਵਰਟੇਕ ਕਰਨ ਤੋਂ ਬਚ ਸਕਦਾ ਹਾਂ, ਓਵਰਟੇਕ ਕਰਨ ਲਈ ਸਿੱਧੀਆਂ ਸੜਕਾਂ ਦੀ ਤਿਆਰੀ ਕਰ ਸਕਦਾ ਹਾਂ, ਅਨਦੇਖੇ ਸਥਾਨਾਂ 'ਤੇ ਹੌਲੀ ਹੋ ਸਕਦਾ ਹਾਂ, ਅਤੇ ਅਣਜਾਣ ਸੜਕਾਂ 'ਤੇ ਵੀ ਸਾਵਧਾਨੀ ਨਾਲ ਗੱਡੀ ਚਲਾ ਸਕਦਾ ਹਾਂ। ਜੀ ਪੀ ਐਸ ਨਾਲ, ਮੈਂ ਸੜਕ ਦੀਆਂ ਅਸਥਿਰਤਾ ਲਈ ਬਿਹਤਰ ਢੰਗ ਨਾਲ ਤਿਆਰ ਹਾਂ। ਅਕਸਰ,ਮੈਂ ਕਈ ਵਾਰ ਇਹ ਚਾਹਿਆ ਕਿ ਕਾਸ਼ ਜ਼ਿੰਦਗੀ ਜੀਪੀਐਸ ਨਾਲ ਵੀ ਆਵੇ! ਸ਼ੁਰੂ ਤੋਂ ਅੰਤ ਨੂੰ ਵੇਖਣਾ ਮਦਦਗਾਰ ਹੋਵੇਗਾ। ਮੈਂ ਤੁਹਾਡੇ ਬਾਰੇ ਨਹੀਂ ਜਾਣਦਾ, ਪਰ ਨਿੱਜੀ ਤੌਰ 'ਤੇ, ਮੈਂ ਕੁਝ ਵੀ ਸ਼ੁਰੂ ਕਰਨ ਤੋਂ ਪਹਿਲਾਂ ਅੰਤ ਨੂੰ ਜਾਣਨਾ ਪਸੰਦ ਕਰਦਾ ਹਾਂ।ਇਹ ਨਾ ਜਾਣਨਾ ਕਿ ਮੈਂ ਕਿੱਥੇ ਜਾ ਰਿਹਾ ਹਾਂ ਮੇਰੇ ਲਈ ਕੰਮ ਕਰਨਾ ਮੁਸ਼ਕਲ ਬਣਾਉਂਦਾ ਹੈ। ਹੈ। ਮੈਂ ਪਹਿਲਾਂ ਨਤੀਜੇ ਬਾਰੇ ਸੋਚਦਾ ਹਾਂ ਅਤੇ ਫਿਰ ਉਸ ਤੋਂ ਬਾਅਦ ਕੰਮ ਕਰਦਾ ਹਾਂ।

**Statement about ownership and other particulars about the Newspaper Echo of His Call (Punjabi) - Form IV (See Rule 8)**

| | | |
|---|---|---|
| 1. Place of Publication | : | **New No. 8 & 10, Old No. 18 & 19, Mohammed Abdullah 2nd Street, Chepauk, Chennai - 600 005.** |
| 2. Periodicity | : | **Monthly** |
| 3. Printer, Editor, Owner & Publisher | : | **S. Sam Selva Raj** (Same Address) |
| 4. Nationality | : | **Indian** |

I, **S. Sam Selva Raj** hereby declare that the particulars given above are true to the best of my knowledge and belief.

**March 2024** **S. Sam Selva Raj.**

ਹਾਲਾਂਕਿ, ਜੀਵਨ ਇਸ ਤਰ੍ਹਾਂ ਨਹੀਂ ਚੱਲਦਾ। ਜਦੋਂ ਇਸ ਗੱਲ ਦੀ ਅਸੀਂ ਬਹੁਤ ਘੱਟ ਵੀ ਉਮੀਦ ਨਹੀਂ ਕਰਦੇ ਹਾਂ, ਇਹ ਸਾਡੇ 'ਤੇ ਅਚਾਨਕ ਚੁਣੌਤੀਆਂ ਸੁੱਟਦਾ ਹੈ । ਕਿਸੇ ਅਜ਼ੀਜ਼ ਦਾ ਅਚਾਨਕ ਨੁਕਸਾਨ, ਨੌਕਰੀ ਵਿੱਚ ਤਬਦੀਲੀ, ਵਿੱਤੀ ਮੁਸ਼ਕਲਾਂ, ਜਾਂ ਰਿਸ਼ਤਿਆਂ ਵਿੱਚ ਅਚਾਨਕ ਤੂਫਾਨ, ਅਜਿਹੀਆਂ ਚੀਜ਼ਾਂ ਦੀਆਂ ਕੁਝ ਉਦਾਹਰਣਾਂ ਹਨ ਜਿਨ੍ਹਾਂ ਦੀ ਕਦੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।

ਅਸੀਂ ਅਜਿਹੀਆਂ ਅਸਥਿਰਤਾ ਨਾਲ ਕਿਵੇਂ ਨਜਿੱਠਦੇ ਹਾਂ? ਮੈਨੂੰ ਇੱਕ ਜੋੜਾ ਯਾਦ ਹੈ ਜੋ 27 ਸਾਲਾਂ ਤੋਂ ਵਿਆਹਿਆ ਹੋਇਆ ਸੀ, 3 ਸੁੰਦਰ ਬੱਚੇ ਸਨ, ਅਤੇ ਇੱਕ ਸਮਝਦਾਰ ਅਤੇ ਦੇਖਭਾਲ ਕਰਨ ਵਾਲੇ ਜੋੜੇ ਵਜੋਂ ਜਾਣੇ ਜਾਂਦੇ ਸਨ। ਅਚਾਨਕ, ਮੈਂ ਸੁਣਿਆ ਕਿ ਉਹ ਇੱਕ ਵਿਛੋੜੇ ਵਿੱਚੋਂ ਲੰਘ ਰਹੇ ਸਨ, ਜੋ ਹੈਰਾਨ ਕਰਨ ਵਾਲਾ ਸੀ। ਜਦੋਂ ਮੈਂ ਪਤਨੀ ਨੂੰ ਇਸ ਬਾਰੇ ਪੁੱਛਿਆ, ਤਾਂ ਉਸਨੇ ਕਿਹਾ, "ਜਦੋਂ ਮੈਂ ਇਸ ਗੱਲ ਦੀ ਬਿਲਕੁਲ ਘੱਟ ਉਮੀਦ ਕੀਤੀ ਸੀ, ਇਸ ਗੱਲ ਨੇ ਮੈਨੂੰ ਬਹੁਤ ਨੁਕਸਾਨ ਪਹੁੰਚਾਇਆ। ਮੈਂ ਕਦੇ ਨਹੀਂ ਸੋਚਿਆ ਸੀ ਕਿ ਮੇਰੀ ਜ਼ਿੰਦਗੀ ਵਿਚ ਅਜਿਹਾ ਹੋਵੇਗਾ।"

ਇਹ ਔਖਾ ਅਤੇ ਦੁਖਦਾਈ ਹੈ, ਫਿਰ ਵੀ ਸੱਚਾਈ ਉਹੀ ਰਹਿੰਦੀ ਹੈ। ਇਨ੍ਹਾਂ ਸਾਰੀਆਂ ਸਥਿਤੀਆਂ ਵਿੱਚ, ਇੱਕ ਗੱਲ ਪੱਕੀ ਹੈ: ਪਰਮੇਸ਼ੁਰ ਵਫ਼ਾਦਾਰ ਹੈ! ਡਰ, ਦਰਦ, ਦੁੱਖ, ਅਸਫਲਤਾਵਾਂ, ਹਾਰ, ਖੁਸ਼ੀ ਅਤੇ ਅਨੰਦ ਦੇ ਵਿਚਕਾਰ, ਪਰਮੇਸ਼ੁਰ ਵਫ਼ਾਦਾਰ ਹੈ।

ਬਾਈਬਲ ਜ਼ਬੂਰ 77:14 ਵਿਚ ਕਹਿੰਦੀ ਹੈ, **ਤੂੰ ਉਹ ਪਰਮੇਸ਼ੁਰ ਹੈਂ ਜੋ ਅਚਰਜ ਕੰਮ ਕਰਦਾ ਹੈਂ,ਤੂੰ ਲੋਕਾਂ ਦੇ ਵਿੱਚ ਆਪਣੀ ਸ਼ਕਤੀ ਪ੍ਰਗਟ ਕੀਤੀ ਹੈ** - ਭਾਵ, ਹਰ ਹਾਲਾਤ ਵਿੱਚ।

ਵਿਅਕਤੀਗਤ ਅਤੇ ਇੱਕ ਕਲੀਸਿਯਾ ਦੇ ਰੂਪ ਵਿੱਚ, ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਇਹਨਾਂ ਅਸਥਿਰ ਸਮਿਆਂ ਵਿੱਚ ਪ੍ਰਭੂ ਸਾਡੀ ਕਲੀਸਿਯਾ ਅਤੇ ਸਾਡੇ ਪਰਿਵਾਰਾਂ ਵਿੱਚ ਕੀ ਕਰਨ ਜਾ ਰਿਹਾ ਹੈ।

ਸਭ ਤੋਂ ਵੱਧ, ਵੱਡਾ ਸਵਾਲ ਇਹ ਹੈ, "ਇਨ੍ਹਾਂਸਾਰੇ ਹਲਾਤਾਂ ਵਿੱਚ ਪਰਮੇਸ਼ੁਰ ਕਿੱਥੇ ਹੈ?" ਇਹ ਸਭ ਤੋਂ ਸਧਾਰਨ ਅਤੇ ਡਰਾਉਣਾ ਸਵਾਲ ਹੈ।

ਬਾਈਬਲ ਸਿਖਾਉਂਦੀ ਹੈ ਕਿ ਜਦੋਂ ਲੋਕ ਫਸੇ ਹੋਏ ਹੁੰਦੇ ਹਨ, ਇਹ ਨਹੀਂ ਜਾਣਦੇ ਕਿ ਕਿੱਥੇ ਜਾਣਾ ਹੈ, ਕਿਵੇਂ ਜਾਣਾ ਹੈ, ਅਤੇ ਉਨ੍ਹਾਂ ਦੇ ਭਵਿੱਖ ਦੀ ਅਗਲੀ ਹਾਲਾਤ ਬਾਰੇ ਯਕੀਨ ਨਹੀਂ ਹੈ,ਉਹ ਸ਼ਾਨਦਾਰ ਕੰਮ ਕਰਦਾ ਹੈ । ਅਸਥਿਰ ਸਮਾਂ! ਮੈਨੂੰ ਨਹੀਂ ਪਤਾ ਕਿ ਸਾਡੇ ਵਿੱਚੋਂ ਕਿੰਨੇ ਅਸਥਿਰ ਸਮੇਂ ਵਿੱਚੋਂ ਗੁਜ਼ਰ ਰਹੇ ਹਨ।

ਕੀ ਮੇਰੀ ਜ਼ਿੰਦਗੀ ਕਦੇ ਬਦਲੇਗੀ? ਭਾਵੇਂ ਤੁਸੀਂ ਚੁਣੌਤੀਪੂਨ ਸਮਿਆਂ ਦਾ ਅਨੁਭਵ ਕਰ ਰਹੇ ਹੋ, ਪਰਮੇਸ਼ਰ ਅਜੇ ਵੀ ਸਿੰਘਾਸਣ 'ਤੇ ਹੈ। ਉਹ ਅਜੇ ਵੀ ਰਾਜ ਕਰ ਰਿਹਾ ਹੈ। ਉਹ ਜੀਵਨ ਵਿੱਚ ਕੁਝ ਸਥਿਤੀਆਂ ਦੀ ਆਗਿਆ ਦਿੰਦਾ ਹੈ ਤਾਂ ਜੋ ਅਸੀਂ ਉਸ ਵੱਲ ਵੇਖ ਸਕੀਏ, ਅਤੇ ਉਹ ਇਹਨਾਂ ਸਥਿਤੀਆਂ ਦੁਆਰਾ ਉੱਚਾ ਹੋਵੇਗਾ। ਇਸਰਾਏਲਿਆਂ ਦੀ ਜ਼ਿੰਦਗੀ ਤੋਂ ਇਲਾਵਾ ਹੋਰ ਕੋਈ ਮਿਸਾਲ ਨਹੀਂ ਹੈ। ਉਹ 400 ਸਾਲਾਂ ਤੋਂ ਗੁਲਾਮੀ ਦੇ ਜੰਜਾਲ ਤੋਂ ਛੁਟਕਾਰਾ ਪਾਉਣ ਲਈ ਪ੍ਰਾਰਥਨਾ ਕਰ ਰਹੇ ਸਨ। ਅੰਤ ਵਿੱਚ, ਪਰਮੇਸ਼ੁਰ ਨੇ ਅਚਰਜ ਕੰਮ ਕੀਤੇ ਅਤੇ ਮਿਸਰੀਆਂ ਵਿੱਚ ਆਪਣੀ ਤਾਕਤ ਦੀ ਘੋਸ਼ਣਾ ਕੀਤੀ। ਬਿਪਤਾ, ਮੌਤ, ਲਾਲ ਸਾਗਰ ਦਾ ਦੋ ਹਿੱਸੇ ਹੋਣਾ, ਮਿਸਰੀ ਸੈਨਿਕ ਉਸੇ ਸਮੁੰਦਰ ਵਿੱਚ ਡੁੱਬੇ ਜਿਸ ਤੋਂ ਇਸਰਾਏਲਿਆਂ ਨੂੰ ਸੁਰੱਖਿਅਤ ਰੂਪ ਨਾਲ ਕਿਨਾਰੇ ਤੱਕ ਪਹੁੰਚਾਇਆ ਗਿਆ ਸੀ। ਸਾਰੀਆਂ 10 ਬਿਪਤਾਵਾਂ ਮਿਸਰੀਆਂ ਨੂੰ ਪਰਮੇਸ਼ੁਰ ਦੀ ਤਾਕਤ ਦਾ ਐਲਾਨ ਕਰਨ ਲਈ ਸਨ। ਪਰਮੇਸ਼ੁਰ ਉਨ੍ਹਾਂ ਨੂੰ ਇਸ ਤਰ੍ਹਾਂ ਹੀ ਬਾਹਰ ਕੱਢ ਸਕਦਾ ਸੀ। ਉਹ ਚਾਹੁੰਦਾ ਸੀ ਕਿ ਸਿਰਫ਼ ਮਿਸਰੀਆਂ ਨੂੰ ਹੀ ਪਤਾ ਨਾ ਲੱਗੇ, ਸਗੋਂ ਪਰਮੇਸ਼ੁਰ ਦੇ ਲੋਕ ਵੀ ਇਹ ਸਮਝਣ ਕਿ ਇਹ ਪਰਮੇਸ਼ੁਰ ਕੌਣ ਹੈ! ਉਹ ਕਿੰਨ੍ਹਾਂ ਅਦਭੁੱਤ ਪਰਮੇਸ਼ੁਰ ਹੈ! ਉਹ ਕਿੰਨਾ ਸ਼ਕਤੀਸ਼ਾਲੀ ਹੈ! ਸਮੇਂ ਦੀ ਪ੍ਰੀਖਿਆ 'ਤੇ ਖੜ੍ਹਨ ਲਈ। ਤਾਂ ਹੀ ਅਸੀਂ 2024 ਵਿੱਚ ਵੀ ਇਸ ਬਾਰੇ ਗੱਲ ਕਰ ਰਹੇ ਹਾਂ!

## ਅਸੀਂ ਅਸਥਿਰ ਸਮਿਆਂ ਨਾਲ ਕਿਵੇਂ ਨਜਿੱਠਦੇ ਹਾਂ?

ਅਸਥਿਰ ਸਮਿਆਂ ਦੌਰਾਨ, ਅਸੀਂ ਜਿਸ ਕਿਸਮ ਦੀਆਂ ਭਾਵਨਾਵਾਂ ਦਾ ਅਨੁਭਵ ਕਰਦੇ ਹਾਂ,ਉਹ ਹਨ : ਉਲਝਣ, ਸ਼ੱਕ, ਸਵਾਲ, ਡਰ, ਚਿੰਤਾ, ਮੌਜੂਦਾ ਹਾਲਾਤ ਲਈ ਦੂਜਿਆਂ ਨੂੰ ਦੋਸ਼ੀ ਠਹਿਰਾਉਣਾ, ਗੁੱਸਾ, ਨਿਰਾਸ਼ਾ, ਚਿੜਚਿੜਾਪਨ, ਕੁੜੱਤਣ, ਬੇਚੈਨੀ , ਉਦਾਸੀ,ਨਰਾਜਗੀ,ਇਕੱਲਾਪਣ,ਚਿੰਤਾ ਅਤੇ ਫ਼ਿਕਰ। ਜੋ ਬੇਅੰਤ ਚਲਦਾ ਹੈ! ਇਸ ਲਈ, ਕੀ ਸਾਨੂੰ "ਸ਼ਟ ਡਾਓਣ"(ਬੰਦ ਕਰਨਾ) ਜਾਂ "ਕੰਟਰੋਲ" ਏ ਐਲ ਟੀ "ਡਿਲੀਟ" ਬਟਨ ਦਬਾਉਣੇ ਚਾਹੀਦੇ ਹਨ ਅਤੇ ਦਿਖਾਵਾ ਕਰਨਾ ਚਾਹੀਦਾ ਹੈ ਕਿ ਕੁਝ ਨਹੀਂ ਹੋਣ ਵਾਲਾ ਹੈ ਅਤੇ ਵਹਾਓ ਦੇ ਨਾਲ ਜਾਣਾ ਚਾਹੀਦਾ ਹੈ?

ਉਨ੍ਹਾਂ ਸਮਿਆਂ ਵਿਚ ਸਾਨੂੰ ਕੀ ਕਰਨਾ ਚਾਹੀਦਾ ਹੈ?

**1. ਪਰਮੇਸ਼ੁਰ ਦੇ ਵਾਅਦੇ ਨੂੰ ਫੜੀ ਰੱਖੋ! ਕਿਉਂਕਿ ਉਹ ਸਾਡਾ ਭਵਿੱਖ ਜਾਣਦਾ ਹੈ !!**

ਆਪਣੇ ਅਗਿਆਤ ਭਵਿੱਖ ਨੂੰ ਜਾਣੇ ਜਾਂਦੇ ਪਰਮੇਸ਼ੁਰ ਦੇ ਹੱਥਾਂ ਵਿੱਚ ਦੇ ਦਿਓ।ਦੂਜੇ ਸ਼ਬਦਾਂ ਵਿਚ, ਪਰਮੇਸ਼ੁਰ ਨਾਲ ਜੁੜੇ ਰਹੋ। ਕਿਸੇ ਵੀ ਚੀਜ਼ ਨੂੰ ਸ਼ੁਰੂ ਕਰਨ ਜਾਂ ਯੋਜਨਾ ਬਣਾਉਣ ਤੋਂ ਪਹਿਲਾਂ, ਕਿਸੇ ਮਨੁੱਖੀ ਸਰੋਤ ਦੀ ਬਜਾਏ ਪ੍ਰਭੂ ਤੋਂ ਅਗਵਾਈ ਲੈਣ ਲਈ ਪ੍ਰਾਰਥਨਾ ਕਰਨਾ ਮਹੱਤਵਪੂਰਨ ਹੈ।

(ਚਲਦਾ ਸਫਾ 6 ਤੇ)

NEHEMIAH BIBLE
RESIDENTIAL / EVENING COLLEGE,
Velachery / Chepauk & Santhoshapuram, Chennai.
Medium : Hindi / Tamil
Registered Candidate for Membership
Asia Theological Association (ATA)
Recognised by International Christian Leaders &
Senior Pastors for the past 54 years
Qualification : 10th Standard & above
Certificate in Ministry
Diploma in Theology
Rush for admission!
Contact : The Chairman, Nehemiah Bible College.
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org
★ ONLINE CLASSES ARE AVAILABLE ★

# GREAT COMMISSION PARTNERS
## ਮਹਾਨ ਆਦੇਸ਼ ਸਹਿਭਾਗੀ



TO SHARE (Galatians 6:2) SUPPORT (Romans 12:13) SPEEDUP (II Timothy 1:6)
ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜੀ ਕਰਨਾ (੨ਤਿਮੋਥੀਅਸ ੧:੬)

**19 ਮਾਰਚ 2024 ਤੋਂ 18 ਅਪ੍ਰੈਲ 2024 ਤੱਕ**

**(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)**

## ਵਡਿਆਈ ਦੇ ਮੁੱਦੇ

ਮਾਰਚ 19 : ਸਾਡੇ **ਬਾਈਬਲ** ਅਤੇ **ਥੀਓਲੋਜੀਕਲ ਨੂੰ ਅਸੀਸ ਦੇਣ ਲਈ,** ਪੱਤਰ ਵਿਹਾਰ **ਕੋਰਸ**

ਮਾਰਚ 20 : 26 ਜਨਵਰੀ ਨੂੰ ਆਯੋਜਿਤ ਸਾਡੇ **ਨਹਮਯਾਹ ਬਾਈਬਲ ਕਾਲਜ ਦੇ** ਵਿਦਿਆਰਥੀਆਂ ਅਤੇ ਮੁੱਖ ਕਲੀਸਿਯਾ ਦੇ ਨੌਜਵਾਨਾਂ ਲਈ ਮਹਾਬਲੀਪੁਰਮ ਵਿਖੇ ਸਾਡੀ ਇੱਕ ਦਿਨ ਦੀ ਰਿਟਰੀਟ ਉੱਤੇ ਉਸਦੀ ਅਸੀਸ ਲਈ ।

ਮਾਰਚ 21 : ਸਾਡੇ ਸੀਨੀਅਰ ਪਾਦਰੀ ਐਸ.ਸੈਮ ਸੇਲਵਾ ਰਾਜ ਅਤੇ ਉਸਦੇ ਪਰਿਵਾਰ ਨੂੰ ਸਾਰੇ ਦੁਸ਼ਟ ਰਾਜਾਂ ਤੋਂ ਸੁਰੱਖਿਅਤ ਰੱਖਿਆ।

ਮਾਰਚ 22 : 1969 ਤੋਂ ਰਸਾਲੇ ਦੀ ਸੇਵਕਾਈ ਪ੍ਰਤੀ ਸਾਡੀ ਵਚਨਬੱਧਤਾ 'ਤੇ ਉਸ ਦੀ ਅਸੀਸ ਲਈ ਮਹਿਮਾ ਹੋਵੇ।

ਮਾਰਚ 23 : ਅਲੱਗ-ਅਲੱਗ ਸੇਵਕਾਈਆਂ ਰਾਹੀਂ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ, ਸਾਡੇ ਸੀਨੀਅਰ ਪਾਦਰੀ ਦੀ ਵਚਨਬੱਧਤਾ ਲਈ ।

ਮਾਰਚ 24 : ਸਾਡੇ ਪ੍ਰਾਰਥਨਾ ਸਹਿਭਾਗੀਆਂ, ਮੈਂਬਰੀ ਪਾਰਟਨਰ, ਫੇਥ ਪਾਰਟਨਰ, ਲਾਈਫ ਪਾਰਟਨਰ ਅਤੇ ਮਹਾਨ ਕਮਿਸ਼ਨ ਪਾਰਟਨਰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਅਸੀਸ ਦੇਣਾ।

ਮਾਰਚ 25 : ਸਾਡੇ ਚਰਚ ਵਿੱਚ ਮਸਹ ਕਰਨ ਦੇ ਨਾਲ ਨਵੇਂ ਵਿਸ਼ਵਾਸੀਆਂ ਨੂੰ ਅਸੀਸ ਦਿੱਤੀ।

ਮਾਰਚ 26 : ਸਾਡੇ **ਨਹਮਯਾਹ ਬਾਈਬਲ ਕਾਲਜਾਂ ਨੂੰ ਅਸੀਸ ਦੇਣਾ ।**

ਮਾਰਚ 27 : ਸਾਡੇ ਸਾਰੇ ਸਹਿਯੋਗੀ ਸੰਪਾਦਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਸੀਸ।

ਮਾਰਚ 28 : ਯੁਵਾ ਅਤੇ ਕਿਡ ਕੇਅਰ ਮੰਤਰਾਲੇ ਲਈ ਸਾਡੇ **ਗਲੋਬਲ ਦ੍ਰਿਸ਼ਟੀਕੋਣ ਨੂੰ ਅਸੀਸ ਦੇਣਾ।**

ਮਾਰਚ 29 : ਸਾਡੇ **ਸੇਂਟ ਪੌਲਜ਼ ਮੈਟ੍ਰਿਕਸਕੂਲ** ਨੂੰ ਵਧੇਰੇ ਸਮਰਪਿਤ ਮਸੀਹ ਅਧਿਆਪਕ ਅਤੇ ਪ੍ਰਿੰਸੀਪਲ ਮਿਲਣ ਲਈ ਅਸੀਸ।

30 ਮਾਰਚ : ਮਿਸ਼ਨ ਦੇ ਵਰਕਰਾਂ ਦੀ ਮਹਾਨ ਵਚਨਬੱਧਤਾ।

31 ਮਾਰਚ : ਸਾਡੇ ਰਾਜ ਕੋਆਰਡੀਨੇਟਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਸ਼ੀਰਵਾਦ ਦੇਣਾ ।

ਅਪ੍ਰੈਲ 01 : ਪਿਛਲੇ ਮਹੀਨੇ ਦੌਰਾਨ ਸਾਡੀਆਂਲੋੜਾਂਨੂੰਪੂਰਾਕਰਨਾ।

ਅਪ੍ਰੈਲ 02 : ਰਾਜਨੀਤਿਕ ਅਤੇ ਧਾਰਮਿਕ ਵਿਰੋਧ ਦੇ ਵਿਚਕਾਰ ਸਾਡੀਆਂ ਈਸਾਈ ਮੰਤਰਾਲਿਆਂ ਨੂੰ ਪ੍ਰਫੁੱਲਤ ਕਰਨਾ।

ਅਪ੍ਰੈਲ 03 : ਇਸ ਸੰਕਟ ਅਤੇ ਯੁੱਧ ਦੇ ਡਰ ਦੇ ਸਮੇਂ ਵਿੱਚ, ਸਾਰੇ ਸੰਸਾਰ ਨੂੰ ਈਸ਼ਵਰੀ ਸੁਰੱਖਿਆ ਹਾਸਲ ਹੋਣ ਲਈ।

## ਪ੍ਰਾਰਥਨਾ ਦੇ ਮੁੱਦੇ

ਅਪ੍ਰੈਲ 04 : ਪਰਮੇਸੁਰ ਸਾਨੂੰ ਧਰਤੀ ਉੱਤੇ ਉਸਦਾ ਰਾਜ ਬਣਾਉਣ ਲਈ ਹੋਰ ਬਹੁਤ ਸਾਰੇ ਦਰਸ਼ਨ ਦੇਣ ਲਈ ਪ੍ਰਾਥਨਾ ਕਰਨਾ।

05 ਅਪ੍ਰੈਲ : ਵਾਇਰਲ ਬੁਖਾਰ ਅਤੇ ਨਵੀਆਂ ਛੂਤ ਦੀਆਂ ਬਿਮਾਰੀਆਂ ਤੋਂ ਸੁਰੱਖਿਆ ਹੋਣ ਲਈ ।

ਅਪ੍ਰੈਲ 06 : ਸਾਡੀਆਂ ਸੇਵਕਾਈਆਂ ਦਾ ਹਰ ਸੰਭਵ ਤਰੀਕਿਆਂ ਅਤੇ ਮਾਪ ਵਿੱਚ ਵਿਸਥਾਰ ਹੋਣ ਲਈ।

07 ਅਪ੍ਰੈਲ : ਸੰਸਾਰ ਭਰ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਸਾਰੇ ਸਰਕਾਰੀ ਅਧਿਕਾਰੀਆਂ ਲਈ ਪ੍ਰਾਰਥਨਾ ਕਰੋ।

ਅਪ੍ਰੈਲ 08 : ਸਾਡੇ ਸਮਰਥਕ, ਸ਼ੁਭਚਿੰਤਕ ਅਤੇ ਮਿਤਰ ਜੋ ਪ੍ਰਾਰਥਨਾ ਅਤੇ ਵਿੱਤੀ ਸਹਾਇਤਾ ਦੁਆਰਾ ਸਾਡੀਆਂ ਸੇਵਕਾਈਆਂ ਨੂੰ ਬਰਕਰਾਰ ਰੱਖਦੇ ਹਨ,ਉਹਨਾਂ ਲਈ ਪ੍ਰਾਰਥਨਾ ਕਰਨਾ।

ਅਪ੍ਰੈਲ 09 : ਸਾਡੇ ਸਹਿਯੋਗੀ ਸੰਪਾਦਕ ਅਤੇ ਉਨ੍ਹਾਂ ਦੇ ਪਰਿਵਾਰਕ ਸੱਦਸ ਲਈ ਪ੍ਰਾਰਥਨਾ ਕਰੋ।

10 ਅਪ੍ਰੈਲ : ਦੁਨੀਆਂ ਦੇ ਨੌਜਵਾਨ ਅਤੇ ਬੱਚੇ ਯਿਸੂ ਮਸੀਹ ਨੂੰ ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕਰਨ।

11 ਅਪ੍ਰੈਲ : ਸਾਰੇ ਦੇਸ਼ ਏਕਤਾ ਅਤੇ ਹਰ ਪਹਿਲੂ ਅਤੇ ਯੋਜਨਾਬੰਦੀ ਵਿਚ ਤਰੱਕੀ ਕਰੇ ।

12 ਅਪ੍ਰੈਲ : ਸਾਡੇ ਪ੍ਰਾਰਥਨਾ ਸਹਿਭਾਗੀਆਂ ਸਬਸਕ੍ਰਾਈਬ ਕਰਨ ਵਾਲੇ ਸਹਿਭਾਗੀ, ਵਿਸ਼ਵਾਸ ਵਿੱਚ ਸਹਿਭਾਗੀਆਂ, ਜੀਵਨ ਦੇ ਸਹਿਭਾਗੀਆਂ,ਅਤੇ ਮਹਾਨ ਹੁੱਕਮ ਦੇ ਸਹਿਭਾਗੀਆਂ ਅਤੇ ਉਹਨਾਂ ਦੇ ਪਰਿਵਾਰਾਂ ਪ੍ਰਤੀ ਉਸਦੀ ਦਇਆ ਲਈ ਪ੍ਰਾਰਥਨਾ ਕਰੋ ।

ਅਪ੍ਰੈਲ 13 : ਕੋਹਾ ਸੌਫਟਵੇਅਰ ਵਿੱਚ ਨਹਮਯਾਹ ਬਾਈਬਲ ਕਾਲਜ ਲਾਇਬ੍ਰੇਰੀ ਦੀਆਂ ਕਿਤਾਬਾਂ ਨੂੰ ਅਪਡੇਟ ਕਰਨ ਲਈ ਪ੍ਰਾਰਥਨਾ ਕਰੋ।

14 ਅਪ੍ਰੈਲ : ਦੁਨੀਆ ਦੇ ਸਾਰੇ ਲੋਕਾਂ ਦੀਆਂ ਲੋੜਾਂ ਪੂਰੀਆਂ ਹੋਵੇ ।

15 ਅਪ੍ਰੈਲ : ਸਾਡੀ ਸੇਵਕਾਈ ਦੀਆਂ ਵਿੱਤੀ ਲੋੜਾਂ ਪੂਰੀਆਂ ਕੀਤੀਆਂ ਜਾਣ।

16 ਅਪ੍ਰੈਲ : ਦੁਨੀਆ ਵਿਚ ਚੱਲ ਰਹੀ ਆਰਥਿਕ ਮੰਦੀ ਦਾ ਅੰਤ ਹੋਣ ਲਈ ।

17 ਅਪ੍ਰੈਲ : ਪਰਮੇਸੁਰ ਦੀ ਕਿਰਪਾ ਲੋਕਾਂ 'ਤੇ ਇੱਕ ਵਾਰ ਫਿਰ ਤੋਂ ਬਰਸਾਤ ਹੋਵੇ।

18 ਅਪ੍ਰੈਲ : ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਅਤੇ ਉਸਦੇ ਪਰਿਵਾਰਕ ਮੈਂਬਰਾਂ ਦੀ ਹਰ ਤਰ੍ਹਾਂ ਦੀਆਂ ਬੁਰਾਈਆਂ ਤੋਂ ਸੁਰੱਖਿਆ।

(ਸਫ਼ਾ 4 ਤੋਂ ਚਲਦਾ-)

ਹੈ। ਕੁਝ ਵੀ ਨਵਾਂ ਕਰਨ ਤੋਂ ਪਹਿਲਾਂ ਪਰਮੇਸ਼ੁਰ ਦੇ ਬਚਨ ਤੋਂ ਪੁਸ਼ਟੀ ਕਰੋ।

ਅਸਥਿਰਤਾ ਦੇ ਸਮੇਂ ਵਿੱਚ, ਪਰਮੇਸ਼ੁਰ ਦੇ ਲੋਕਾਂ ਕੋਲ ਪਰਮੇਸ਼ੁਰ ਵੱਲ ਮੁੜਨ, ਦਾਅਵਾ ਕਰਨ ਅਤੇ ਆਸ ਰੱਖਣ ਦਾ ਵਾਅਦਾ ਹੈ। ਅੱਜ ਤੁਹਾਡੀ ਉਮੀਦ ਕਿੱਥੇ ਹੈ? ਅੱਜ ਸਾਡੀ ਉਮੀਦ ਕੌਣ ਹੈ? ਕੀ ਇਹ ਸਾਡੇ ਪ੍ਰਦਾਨ ਕਰਨ ਵਾਲੇ ਚੈਕ, ਨੌਕਰੀ ਦੀ ਸੁਰੱਖਿਆ ਵਿੱਚ ਹੈ? ਜੇਕਰ ਅਸੀਂ ਕੱਲ੍ਹ ਨੂੰ ਆਪਣੀ ਨੌਕਰੀ ਗੁਆ ਦਿੰਦੇ ਹਾਂ, ਤਾਂ ਕੀ ਅਸੀਂ ਅਜੇ ਵੀ ਘੋਸ਼ਣਾ ਕਰ ਸਕਦੇ ਹਾਂ, "ਮੈਨੂੰ ਕੁਝ ਵੀ ਨਹੀਂ ਹੈ; ਮੇਰਾ ਪਰਮੇਸ਼ੁਰ ਮੇਰੀਆਂ ਸਾਰੀਆਂ ਲੋੜਾਂ ਪੂਰੀਆਂ ਕਰੇਗਾ, ਪਰਮੇਸ਼ੁਰ ਦੀ ਚੰਗਿਆਈ ਮੈਨੂੰ ਸੰਤੁਸ਼ਟ ਕਰੇਗੀ"?

ਅਸਥਿਰ ਸਮਿਆਂ ਦੌਰਾਨ, ਵਫ਼ਾਦਾਰ ਪਰਮੇਸ਼ੁਰ ਦੀ ਹਜ਼ੂਰੀ ਦੀ ਭਾਲ ਕਰੋ ਅਤੇ ਉਸਨੂੰ ਪੁੱਛੋ, ਕਿਉਂਕਿ ਉਹ ਸਾਡੇ ਭਵਿੱਖ, ਸਾਡੇ ਅਤੀਤ ਅਤੇ ਸਾਡੇ ਆਉਣ ਵਾਲੇ ਕੱਲ੍ਹ ਨੂੰ ਜਾਣਦਾ ਹੈ। ਉਸਨੂੰ ਅਤੇ ਉਸਦੇ ਬਚਨਾਂ ਨੂੰ ਫੜੀ ਰੱਖੋ।

ਕੂਚ 4:2 ਵਿੱਚ, ਅਸੀਂ ਪਰਮੇਸ਼ੁਰ ਨੂੰ ਮੂਸਾ ਨੂੰ ਪੁੱਛਦੇ ਹੋਏ ਦੇਖਦੇ ਹਾਂ, ... **"ਤੇਰੇ ਹੱਥ ਵਿੱਚ ਕੀ ਹੈ?" ਅਤੇ ਉਸਨੇ ਕਿਹਾ, "ਇੱਕ ਢਾਂਗਾ ।"** ਚਮਤਕਾਰ ਉਦੋਂ ਵਾਪਰਿਆ ਜਦੋਂ ਮੂਸਾ ਨੇ ਲਕੜ ਦੇ ਆਪਣੇ ਪੁਰਾਣੇ ਢਾਂਗੇ ਨੂੰ ਪਰਮੇਸ਼ੁਰ ਦੇ ਹੱਥ ਵਿੱਚ ਰੱਖਣਾ ਚੁਣਿਆ; ਇਹ "ਪਰਮੇਸ਼ੁਰ ਦਾ ਢਾਂਗਾ" ਬਣ ਗਿਆ। ਉਸ ਢਾਂਗੇ ਦੀ ਸ਼ਕਤੀ ਦਾ ਗਵਾਹ ਬਣੋ ਕਿਉਂਕਿ ਇਹ ਪਰਮੇਸ਼ੁਰ ਦੇ ਢਾਂਗੇ ਵਿੱਚ ਬਦਲ ਗਿਆ!

ਕੂਚ 17:9 ਵਿੱਚ, ... **ਮੂਸਾ ਨੇ ਯਹੋਸ਼ੁਆ ਨੂੰ ਕਿਹਾ , ਆਪਣੇ ਲਈ ਕੁਝ ਮਨੁੱਖਾਂ ਚੁਣ ਅਤੇ ਬਾਹਰ ਜਾ, ਅਮਾਲੇਕ ਨਾਲ ਲੜ। ਕੱਲ੍ਹ ਮੈਂ ਆਪਣੇ ਹੱਥ ਵਿੱਚ ਪਰਮੇਸ਼ੁਰ ਢਾਂਗਾ ਲੈ ਕੇ ਪਹਾੜੀ ਦੀ ਚੋਟੀ 'ਤੇ ਖੜ੍ਹਾ ਹੋਵਾਂਗਾ"** । ਪਰਮੇਸ਼ੁਰ ਦੇ ਢਾਂਗੇ ਨਾਲ, ਉਹ ਲੜਾਈ ਵਿੱਚ ਸ਼ਾਮਲ ਹੋਣ ਦੇ ਯੋਗ ਸਨ।

ਮੂਸਾ ਦੇ ਜੀਵਨ ਨੂੰ ਦੇਖਦੇ ਹੋਏ, ਅਸੀਂ ਇੱਕ ਅਣਚਾਹੇ ਭਾਗੀਦਾਰ ਨੂੰ ਦੇਖਦੇ ਹਾਂ ਜਿਸ ਨੇ ਬਹਾਨੇ ਬਣਾਏ ਅਤੇ ਜੋ ਮਿਸਰ ਵਾਪਸ ਜਾਣ ਲਈ ਝਿਜਕਿਆ। ਉਸਦੇ ਪਰਿਵਾਰ ਦੀ ਭਲਾਈ, ਆਗੂਪਣ ਨਾਲ ਉਸਦੇ ਗੁਆਚੇ ਹੋਏ ਸਬੰਧ, ਇੱਕ ਰਾਜਕੁਮਾਰ ਦੇ ਤੌਰ 'ਤੇ ਪ੍ਰਾਪਤ ਕੀਤੇ ਹੁਨਰ, ਫ਼ਿਰਊਨ ਨੂੰ ਸੰਬੋਧਿਤ ਕਰਨ ਲਈ ਉਸ ਦੀ ਬੋਲਣ ਵਿੱਚ ਨਿਪੁੰਣਤਾ ਦੀ ਘਾਟ, ਅਤੇ ਅਜਿਹੀ ਜਗ੍ਹਾ 'ਤੇ ਵਾਪਸ ਜਾਣ ਲਈ ਉਸ ਬਾਰੇ ਡਰ ਦੇ ਜਿੱਥੇ ਉਸਦੀ ਕਦਰ ਨਹੀਂ ਕੀਤੀ ਗਈ ਸੀ, ਅਸਥਿਰ ਸਮਿਆਂ ਨੇ ਇਸ ਸਭ ਦੇ ਬਾਰੇ ਸਵਾਲ ਉਠਾਏ ।

ਉਸ ਦੇ ਸ਼ੱਕ ਅਤੇ ਡਰ ਦੇ ਬਾਵਜੂਦ, ਜਦੋਂ ਮੂਸਾ ਨੇ ਉਸ ਦੇ ਹੱਥ ਵਿਚ ਜੋ ਕੁਝ ਸੀ ਉਸ ਨੂੰ ਸਮਰਪਣ ਕਰ ਦਿੱਤਾ, ਇਹ ਕੁਝ ਅਸਾਧਾਰਣ ਬਣ ਗਿਆ ਜਿਸ ਦੁਆਰਾ ਅਚਰਜ ਕੰਮ ਕਰ ਸਕਦਾ ਹੈ ਅਤੇ ਆਪਣੀ ਤਾਕਤ ਦਾ ਪ੍ਰਦਰਸ਼ਨ ਕਰ ਸਕਦਾ ਹੈ।

ਕੀ ਤੁਸੀਂ ਅੱਜ ਜੋ ਕੁਝ ਤੁਹਾਡੇ ਹੱਥ ਵਿੱਚ ਹੈ ਪਰਮੇਸ਼ੁਰ ਨੂੰ ਸੌਂਪਣ ਲਈ ਤਿਆਰ ਹੋ ਤਾਂ ਜੋ ਉਹ ਇਸ ਨੂੰ ਅਚਰਜ ਕਰਨ ਲਈ ਵਰਤ ਸਕੇ? ਉਸਨੂੰ ਤੁਹਾਡੇ ਡਰ, ਚਿੰਤਾਵਾਂ, ਸਵਾਲ, ਉਲਝਣ, ਸ਼ੱਕ, ਚਿੰਤਾ, ਮੌਜੂਦਾ ਹਾਲਾਤ ਲਈ ਦੂਜਿਆਂ ਨੂੰ ਦੋਸ਼ੀ ਠਹਿਰਾਉਣਾ, ਗੁੱਸਾ, ਨਿਰਾਸ਼ਾ ਅਤੇ ਹੋਰ ਅਜਿਹੀਆਂ ਨਕਾਰਾਤਮਕ ਭਾਵਨਾਵਾਂ ਦਿਓ।

ਇਸ ਨੂੰ ਪਰਮੇਸ਼ੁਰ ਦਾ ਢਾਂਗਾ ਬਣਨ ਦਿਓ!"

## 2.ਆਪਣੇ ਆਪ ਨੂੰ ਧਰਮੀ ਲੋਕਾਂ ਨਾਲ ਘੇਰੋ ਤਾਂ ਜੋ ਉਹ ਤੁਹਾਡੇ ਨਾਲ ਚੱਲ ਸਕਣ!

ਇਹ ਇੱਕ ਕਾਰਨ ਹੈ ਕਿ ਸਾਡੇ ਕੋਲ ਇੱਕ ਕਲੀਸਿਯਾ ਅਤੇ ਇੱਕ ਕਲੀਸਿਯਾਈ ਪਰਿਵਾਰ ਹੈ। ਜਦੋਂ ਤੁਸੀਂ ਆਪਣੇ ਜੀਵਨ ਵਿੱਚ ਇੱਕ ਅਸਥਿਰ ਸਮੇਂ ਵਿੱਚੋਂ ਲੰਘ ਰਹੇ ਹੋ, ਤਾਂ ਧਰਮੀ ਲੋਕ ਤੁਹਾਡੇ ਨਾਲ ਚੱਲਦੇ ਹਨ, ਤੁਹਾਨੂੰ ਮਜ਼ਬੂਤ ਕਰਦੇ ਹਨ, ਤੁਹਾਡੇ ਨਾਲ ਪ੍ਰਾਰਥਨਾ ਕਰਦੇ ਹਨ, ਅਤੇ ਤੁਹਾਡੇ ਇਕੱਲੇ ਚਲਣ ਵਿੱਚ ਤੁਹਾਨੂੰ ਬਰਕਰਾਰ ਰੱਖਦੇ ਹਨ। ਸਾਨੂੰ ਉਹਨਾਂ ਲੋਕਾਂ ਨਾਲ ਰਿਸ਼ਤੇ ਵਿਕਸਿਤ ਕਰਨ ਦੀ ਲੋੜ ਹੈ ਜੋ ਸਾਡੇ ਨਾਲ ਚੱਲ ਸਕਦੇ ਹਨ ਅਤੇ ਪ੍ਰਾਰਥਨਾ ਕਰ ਸਕਦੇ ਹਨ, ਅਤੇ ਆਤਮਿਕ ਸਲਾਹ ਪ੍ਰਦਾਨ ਕਰ ਸਕਦੇ ਹਨ।

ਅੱਜ, ਕਿਸੇ ਨੂੰ ਚੁਣੋ ਜਿਸ ਨਾਲ ਤੁਸੀਂ ਨਿਯਮਿਤ ਤੌਰ 'ਤੇ ਪ੍ਰਾਰਥਨਾ ਕਰ ਸਕਦੇ ਹੋ! ਕਿਸੇ ਅਜਿਹੇ ਮਨੁੱਖ ਨੂੰ ਚੁਣੋ ਜੋ ਤੁਹਾਨੂੰ ਆਪਣੀ ਆਤਮਿਕ ਮੁਹਾਰਤ ਨਾਲ ਅਸੀਸ ਦੇ ਸਕੇ ਜਾਂ ਕਿਸੇ ਅਜਿਹੇ ਮਨੁੱਖ ਨੂੰ ਚੁਣੋ ਜਿਸ ਲਈ ਤੁਸੀਂ ਆਪਣੇ ਅਨੁਭਵ ਅਤੇ ਮੁਹਾਰਤ ਨਾਲ ਆਤਮਿਕ ਬਰਕਤ ਬਣ ਸਕਦੇ ਹੋ। ਜੇ ਤੁਸੀਂ ਦੋਵੇਂ ਕਰ ਸਕਦੇ ਹੋ, ਤਾਂ ਇਹ ਹੋਰ ਵੀ ਵਧੀਆ ਹੈ।

ਦਾਨਿਏਲ ਦੇ ਜੀਵਨ ਵਿੱਚ ਇੱਕ ਸਮਾਂ ਹੋ ਸਕਦਾ ਹੈ - ਇੱਕ ਜਵਾਨ ਦੇ ਰੂਪ ਵਿੱਚ ਅਸਥਿਰਤਾ, ਆਪਣੇ ਪਰਿਵਾਰ, ਦੋਸਤਾਂ, ਜਨਮ ਸਥਾਨ, ਰਿਸ਼ਤੇਦਾਰਾਂ ਅਤੇ ਆਜ਼ਾਦੀ ਨੂੰ ਛੱਡ ਕੇ, ਇੱਕ ਅਣਜਾਣ ਦੇਸ਼ (ਅਣਚਾਹੇ ਭਾਗੀਦਾਰਾਂ ਵੱਲ) ਇੱਕ ਬੰਧੂਆ ਨੌਕਰ ਵਜੋਂ ਜਾਣਾ।

ਉਸਨੂੰ ਪਹਿਲੇ ਅਧਿਆਇ ਵਿੱਚ ਪਰਮੇਸ਼ੁਰ ਦੀ ਕਿਰਪਾ ਮਿਲਦੀ ਹੈ - ਸਭ ਕੁਝ ਠੀਕ ਜਾਪਦਾ ਹੈ ਅਤੇ ਅਚਾਨਕ ਦੂਜੇ ਅਧਿਆਇ ਵਿੱਚ, ਦਾਨਿਏਲ ਨੂੰ ਇੱਕ ਗੰਭੀਰ ਦੁਬਿਧਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਰਾਜਾ ਇੱਕ ਸੁਪਨਾ ਦੇਖਦਾ ਹੈ ਅਤੇ **"ਉਸ ਦੀ ਆਤਮਾ ਇੰਨੀ ਪਰੇਸ਼ਾਨ ਸੀ ਕਿ ਉਸਨੂੰ ਨੀਂਦ ਨਹੀਂ ਆਉਂਦੀ ਸੀ"; ਉਸਦਾ ਮਨ ਪਰੇਸ਼ਾਨ ਸੀ, ਅਤੇ ਉਹ ਸੌਂ ਨਹੀਂ ਸਕਦਾ ਸੀ** (ਐਨਆਈਵੀ, ਡੈਨੀਅਲ 2)।

ਆਇਤ 12: **ਏਸ ਕਾਰਨ ਰਾਜਾ ਕ੍ਰੋਧਵਾਨ ਹੋ ਕੇ ਅੱਤ ਗਰਮ ਹੋਇਆ ਅਤੇ ਉਹ ਨੇ ਹੁਕਮ ਦਿੱਤਾ ਕਿ ਬਾਬਲ ਦੇ ਸਾਰੇ ਗਿਆਨੀਆਂ ਨੂੰ ਨਾਸ ਕਰੋ! ਸੋ ਹੁਕਮ ਨਿੱਕਲਿਆ ਅਤੇ ਗਿਆਨੀਆਂ ਨੇ ਮਾਰੇ ਜਾਣਾ ਸੀ ਤੇ ਉੱਨ੍ਹਾਂ ਨੇ ਦਾਨੀਏਲ ਤੇ ਉਸ ਦੇ ਸਾਥੀਆਂ ਨੂੰ ਮਾਰੇ ਜਾਣ ਲਈ ਢੂੰਡਿਆ।**

ਸਭਕੁਝ ਠੀਕ-ਠਾਕ ਚੱਲ ਰਿਹਾ ਸੀ।

.....ਸਫ਼ਾ ਨੰ 9 'ਤੇ ਜਾਰੀ ਹੈ

# ਨਹਮਯਾਹ ਬਾਈਬਲ ਕਾਲੇਜ

## ਗ੍ਰੈਜੁਏਸ਼ਨ ਸਭਾ, 2023-2024



**ਸਥਾਨ :** BKN Hall, Vepery, Chennai – 07.

**ਤਾਰੀਖ : 01 ਜੂਨ,2024 ( ਸ਼ਨੀਵਾਰ)**



**ਸਮਾਂ : 5 ਬਜੇ, ਸ਼ਾਮ ਨੂੰ**

**ਲਗਭਗ 50 ਵਿਦਿਆਰਥੀ ਆਪਣੀ ਪੜਾਈ ਨੂੰ ਪੂਰਾ ਕਰਣਗੇ ਅਤੇ ਸੇਵਾ ਦੇ ਸਥਾਨ ਵਿੱਚ ਭੇਜੇ ਜਾਣਗੇ।।**

ਸਾਨੂੰ, **2024-2025** ਦੇ ਵਿਦਿਅਕ ਸਾਲ ਲਈ, ਤਮਿਲ ਅਤੇ ਹਿੰਦੀ ਦੇ ਕੋਰਸ ਦੇ ਲਈ **75** ਵਿਦਿਆਰਥੀਆਂ ਦੀ ਜਰੂਰਤ ਹੈ। **ਕਿਰਪਾ ਕਰਕੇ ਇਸ ਬੇਨਤੀ ਲਈ ਪ੍ਰਾਰਥਨਾ ਕਰੋ ।**

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਾਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. ਬਾਈਬਲ ਕੋਰ - ਬਾਈਬਲ ਪੱਤਰਵਿਵਹਾਰ ਕੋਰਸ : ਅੰਗਰੇਜੀ, ਤਮਿਲ ਅਤੇ ਹਿੰਦੀ
3. ਬੁਲਾਵੇ ਦੀ ਗੂੰਜ - ਮਹੀਨੇਵਾਰ ਪੱਤ੍ਰਿਕਾ :ਅੰਗਰੇਜੀ, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ ਉਰਦੂ, ਸਿਨਹਾਲਾ ਅਤੇ ਅਫਰੀਕਨ
4. ਨਹੇਮੀਆਹ ਬਾਈਬਲ ਕਾਲਜ (Three Centres) (Evening / Residential)
5. ਥਿਓਲੋਜਿਕਲ ਪੱਤਰਵਿਵਹਾਰ ਕਾਲਜ ਅੰਗਰੇਜੀ ਅਤੇ ਤਾਮਿਲ
6. ਮਹਾਨ ਉਦੇਸ਼ ਸਹਿਭਾਗੀ
7. ਟ੍ਰੇਨਿੰਗ ਪ੍ਰੋਗਰਾਮ
8. ਕਰੂਸੇਡ
9. ਲਿਟਰੇਚਰ ਵੰਡਣਾ ਅਤੇ ਫਾਲੋਅਪ
10. ਇੰਜੀਲ ਦੀ ਪ੍ਰਿੰਟਿਗ ਪ੍ਰੈੱਸ : ਪ੍ਰਕਾਸ਼ਨ
11. ਸੰਤ ਪੌਲੁਸ ਮੈਟ੍ਰੀਕੂਲੇਸ਼ਨ ਸਕੂਲ - ਵਿਲੇਜ ਇੰਗਲਿਸ਼ ਹਾਈ ਸਕੂਲ
12. ਸੰਡੇ ਸਕੂਲ : ਸਵੇਰੇ 8.30 ਅਤੇ ਸ਼ਾਮ 4 ਵਜੇ
13. ਤਾਮਿਲ ਸਭਾ : ਸਵੇਰੇ 9.00 ਐਤਵਾਰ
14. ਹਿੰਦੀ : ਸ਼ਾਮ 4.00 ਐਤਵਾਰ
15. ਤੇਲਗੂ ਸਭਾ : ਸ਼ਾਮ 5.00 ਐਤਵਾਰ
16. ਅੰਗਰੇਜੀ ਅਤੇ ਤਾਮਿਲ : ਸ਼ਾਮ 6.00 ਐਤਵਾਰ
17. ਅਰਤਾਂ ਲਈ ਪਾਰਥਨਾ : ਸ਼ਾਮ 5.30 ਬੁੱਧਵਾਰ
18. ਆਦਮੀਆਂ ਲਈ ਪ੍ਰਾਰਥਨਾ : ਸ਼ਾਮ 7.00 ਸ਼ੁੱਕਰਵਾਰ
19. ਚੇਲੇਪਨ ਦੀ ਸਭਾ : ਸ਼ਾਮ 5.00 ਸ਼ਨੀਵਾਰ
20. ਘਰੇਲੂ ਪ੍ਰਾਰਥਨਾ : ਸ਼ਾਮ 6.30 ਮੰਗਲਵਾਰ ਅਤੇ ਵੀਰਵਾਰ
21. ਖਾਸ ਪ੍ਰਭੂ ਭੋਜ : ਸਵੇਰੇ 6.00 ਹਰ ਮਹੀਨੇ ਦੇ ਪਹਿਲੇ ਦਿਨ
22. ੇਵਕਾਂ ਦਾ ਨਿਰੀਖਣ ਸਭਾ : 5.30 ਪਹਿਲੇ ਸ਼ਨੀਵਾਰ
23. ਾਪਿਆਂ ਲਈ ਪ੍ਰਾਰਥਨਾ : ਸ਼ਾਮ 4.00 ਪਹਿਲੇ ਐਤਵਾਰ
24. ਸ਼ਾਤ ਦੀ ਪ੍ਰਾਰਥਨਾ : ਸ਼ਾਂਮ 9.30 ਦੂਜੇ ਸ਼ੁਕਰਵਾਰ
25. ਮੌਜਾ ਪ੍ਰਾਰਥਨਾ : ਸ਼ਾਮ 9.30 ਪਹਿਲੇ ਸ਼ਨੀਵਾਰ
26. ਪ੍ਰਭੂ ਭੋਜ : ਦੂਜੇ ਐਤਵਾਰ ਦੀ ਸਭਾ
27. ਵੇਰ ਦੀ ਅਰਾਧਨਾ : ਸਵੇਰੇ 5.00 ਰੋਜਾਨਾ
28. ਸਟਾਫ ਦੀ ਅਰਾਧਨਾ : ਸਵੇਰੇ 9.00 ਰੋਜਾਨਾ
29. ਦਫਤਰ : ਸਵੇਰੇ 9.00 ਤੋਂ ਸ਼ਾਮ 9.00 (ਐਤਵਾਰ ਛੱਡ ਕੇ)

## Echo of His Call Postal Courses for candidates in India only

### 1. BIBLECOR

We offer Postal Course on Basic Truths of The Bible to new Christians and non-Christians in English – 57 pages, Hindi – 76 pages & Tamil – 96 pages. You will get a course book entitled **New Life – For You!** **After the completion of this course, you will get a certificate. There will be no compulsory fees. You will be blessed!**

### 2. THEOLOGICAL CORRESPONDENCE COURSE

Advanced Distance Education called **Theological Correspondence Course** is available in English – 537 pages and Tamil – 652 pages for Pastors, Evangelists, Christian Leaders and for lay people who have passion to do God's Ministry! A fee of Rs. 1000/- is charged. 7 Books with 149 Chapters are supplied. **Certificate in Ministry** will be awarded. **God will bless you!**

***For more details, write to us.***

**The Chairman, Nehemiah Bible College,**
**Echo of His Call, Post Box 2957**
CHEPAUK, CHENNAI - 600 005.
**Ph.: (044) 2852 8282, 2852 9293, 2854 7766,**
**Cell : 98410 71852, 95661 31858**
**E.mail : biblecor@yahoo.co.in**

## ਬੁਲਾਵੇ ਦੀ ਗੂੰਜ ਮਹੀਨੇਵਾਰ ਮੈਗਜ਼ੀਨ ਮੁਫ਼ਤ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ

ਜੇਕਰ ਤੁਸੀਂ ਆਪਣੇ ਮਿੱਤਰਾਂ/ ਰਿਸ਼ਤੇਦਾਰਾਂ ਦਾ ਪਤਾ ਸਾਨੂੰ ਡਾਕ, ਪੱਤਰ, ਈ-ਮੇਲ, ਵੱਟਸਐਪ ਜਾਂ ਫ਼ੋਨ ਰਾਹੀਂ ਭੇਜੋ ਤਾਂ ਬੁਲਾਵੇ ਦੀ ਗੂੰਜ ਮੈਗਜ਼ੀਨ ਹਰ ਮਹੀਨੇ ਉਨ੍ਹਾਂ ਨੂੰ ਮੁਫ਼ਤ ਭੇਜਾਂਗੇ।

– ਸੰਪਾਦਕ

## ਆਮਦਨ ਕਰ ਵਿੱਚ ਛੋਟ ਵਾਲੇ ਦਾਨ

ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ Echo of His Call Educational Trust ਨੂੰ ਭੇਜੇ ਗਏ ਦਾਨ ਧਾਰਾ 80G ਦੇ ਅੰਤਰਗਤ ਆਮਦਨ ਕਰ ਵਿੱਚ ਛੋਟ ਦੇ ਹੱਕਦਾਰ ਹਨ। ਇਸ ਵਾਸਤੇ ਦਫਤਰੀ ਰਸੀਦ ਵੀ ਦਿੱਤੀ ਜਾਵੇਗੀ। ਕਿਰਪਾ ਕਰਕੇ ਆਪਣੇ ਦਾਨ ਚੈਕ, ਡਿਮਾਂਡ ਡਰਾਫਟ ਜਾਂ ਮਨੀ ਆਡਰ ਦੁਆਰਾ Echo of His Call Educational Trust ਦੇ ਪਤੇ ਤੇ ਭੇਜੋ। ਤੁਸੀਂ ਆਪਣੇ ਦਾਨ ਹੇਠਲੇ ਬੈਂਕ ਖਾਤੇ ਵਿੱਚ ਵੀ ਭੇਜ ਸਕਦੇ ਹੋ:

| | | |
|---|---|---|
| Account Name | : | ECHO OF HIS CALL EDUCATIONAL TRUST |
| Account Number | : | 1023 2923 805 |
| Bank Name | : | STATE BANK OF INDIA |
| Branch | : | TRIPLICANE, CHENNAI - 600 005 |
| IFSC Code | : | SBIN 0000249 |
| SWIFT Code | : | SBI NIN BB 455 |



# ਟੋਏ ਤੋਂ ਮਹੱਲ ਤੱਕ

## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜ਼ਿੰਦਗੀ ਦੇ ਅਨੁਭਵ)

"ਜਿਹੜਾ ਪੜ੍ਹੇ, ਉਹ ਸਮਝੇ" (ਮੱਤੀ ੨੪:੧੫)

**ਮੈਂ ਤੈਨੂੰ ਉਹ ਸਥਾਨ ਦਿਆਂਗਾ ਜਿਸ ਉੱਤੇ ਤੂੰ ਕਦਮ ਰੱਖੇਂਗਾ**

**ਸਾਰਾ ਥਾਂ ਜਿੱਥੇ ਤੇਰੇ ਪੈਰ ਦੀ ਤਲੀ ਰੱਖੀ ਜਾਵੇ ਉਹ ਸਭ ਮੈਂ ਤੈਨੂੰ ਦਿੱਤਾ.... ਹੈ ! (ਯਹੋਸ਼ੁਆ 1:3)**

ਇਹ 1973 ਦਾ ਸਾਲ ਸੀ! ਇਹ ਗਰਮੀ ਸੀ, ਗਰਮ ਮੌਸਮ - ਅਪ੍ਰੈਲ/ਮਈ! ਕੋਰਲੇ ਹਾਈ ਸਕੂਲ, ਤੰਬਰਮ, ਚੇਨਈ ਵਿਖੇ ਨੌਜਵਾਨਾਂ ਅਤੇ ਔਰਤਾਂ ਲਈ 'ਤਿੰਨ ਦਿਨ ਦਾ ਰੀਟਰੀਟ' ਦਾ ਪ੍ਰਬੰਧ ਕੀਤਾ ਗਿਆ ਸੀ। ਭਾਈ ਆਰ. ਸਟੈਨਲੀ, 'ਬਲੈਸਿੰਗ ਯੂਥ ਮਿਸ਼ਨ' ਦੇ ਸੰਸਥਾਪਕ, ਨੌਜਵਾਨਾਂ ਲਈ ਇੱਕ ਬੇਦਾਰੀ ਦੀ ਸੰਗਤੀ, ਸ਼ਕਤੀਸ਼ਾਲੀ ਅਤੇ ਚੁਣੌਤੀਪੂਰਨ ਸੰਦੇਸ਼ਾਂ ਦਾ ਪ੍ਰਚਾਰ ਕਰ ਰਹੇ ਸਨ। ਉਹ ਅੱਜ ਤੱਕ ਮਸੀਹੀ ਸੇਵਕਾਈ ਵਿੱਚ ਇੱਕ ਮਹਾਨ ਆਗੂ ਰਹੇ ਹਨ।

ਮੈਂ ਵੀ ਉਨ੍ਹਾਂ ਸਭਾਵਾਂ ਵਿੱਚ ਹਿੱਸਾ ਲਿਆ। ਮੈਂ ਉਦੋਂ 23 ਸਾਲਾਂ ਦਾ ਸੀ ਅਤੇ ਆਪਣੇ ਸਰਕਾਰੀ ਅਹੁਦੇ ਦੇ ਨਾਲ-ਨਾਲ ਪਹਿਲਾਂ ਹੀ ਪਰਮੇਸ਼ੁਰ ਦਾ ਕੰਮ ਕਰ ਰਿਹਾ ਸੀ। ਮੈਨੂੰ ਆਪਣੀ ਜ਼ਿੰਦਗੀ ਵਿੱਚ ਇੱਕ ਚੁਣੌਤੀਪੂਰਨ ਅਨੁਭਵ ਮਿਲਿਆ।

' ਤਿੰਨ ਦਿਨਾਂ ਦੇ ਰੀਟਰੀਟ' ਤੀਜੇ ਦਿਨ ਦੁਪਹਿਰ ਦੇ ਖਾਣੇ ਤੋਂ ਬਾਅਦ ਸਭਾ ਸਮਾਪਤ ਹੋ ਗਈ। ਹਰ ਕੋਈ ਬੱਸ ਅਤੇ ਰੇਲ ਰਾਹੀਂ ਘਰ ਜਾਣ ਲਈ ਕਾਹਲਾ ਸੀ।

ਪਰ ਮੈਂ ਉਸ ਜਗ੍ਹਾ ਨੂੰ ਛੱਡ ਨਹੀਂ ਸਕਦਾ ਸੀ ਅਤੇ ਪਵਿੱਤਰ ਆਤਮਾ ਦੀ ਚਾਲ ਦੇ ਕਾਰਨ, ਮੈਂ ਲਗਭਗ ਇੱਕ ਘੰਟੇ ਲਈ ਕੋਰਲੇ ਹਾਈ ਸਕੂਲ ਦੇ ਗੇਟ 'ਤੇ ਖੜ੍ਹਾ ਸੀ। ਭਰਾ ਦੁਆਰਾ ਬੋਲਿਆ ਗਿਆ ਹਰ ਸ਼ਬਦ, ਪਰਮੇਸ਼ੁਰ ਦਾ ਸੇਵਕ ਆਰ ਸਟੈਨਲੀ, ਮੇਰੀਆਂ ਰੂਹਾਨੀ ਅੱਖਾਂ ਸਾਹਮਣੇ ਆ ਰਹੇ ਸਨ।

ਪਵਿੱਤਰ ਆਤਮਾ ਨੇ ਆਪਣੀ ਕੋਮਲ ਅਤੇ ਨਿਮਰ ਆਵਾਜ਼ ਵਿੱਚ ਮੇਰੇ ਨਾਲ ਗੱਲ ਕੀਤੀ। ਇਸ ਕਾਰਨ ਮੈਂ ਉਸ ਥਾਂ ਨਹੀਂ ਜਾ ਸਕਿਆ ਜਿੱਥੇ ਮੈਂ ਠਹਿਰਿਆ ਹੋਇਆ ਸੀ। ਪਰ, ਇਸ ਦੇ ਉਲਟ, ਮੈਨੂੰ ਉਸ ਤੇਜ਼ ਧੁੱਪ ਵਾਲੇ ਦਿਨ, ਚੇਨਈ ਦੇ ਤੰਬਰਮ - ਵੇਲਾਚੇਰੀ ਮੇਨ ਰੋਡ 'ਤੇ ਤੁਰਨ ਲਈ ਲੈ ਗਿਆ। ਮੀਟਿੰਗ ਵਿਚ ਮੇਰੇ ਨਾਲ ਬੈਠੇ ਨੌਜਵਾਨਾਂ ਅਤੇ ਔਰਤਾਂ ਨੇ ਸੋਚਿਆ ਕਿ ਮੈਂ ਪੈਦਲ ਜਾ ਰਿਹਾ ਹਾਂ ਕਿਉਂਕਿ ਮੇਰੇ ਕੋਲ ਬੱਸ ਜਾਂ ਰੇਲ ਦੀ ਟਿਕਟ ਖਰੀਦਣ ਲਈ ਪੈਸੇ ਨਹੀਂ ਸਨ। ਉਨ੍ਹਾਂ ਨੇ ਆਪਣੀਆਂ ਗੱਡੀਆਂ ਦੀਆਂ ਖਿੜਕੀਆਂ ਵਿੱਚੋਂ ਉਦਾਸੀ ਨਾਲ ਮੇਰੇ ਵੱਲ ਦੇਖਿਆ। ਪਰ ਮੈਨੂੰ ਕਿਸੇ ਗੱਲ ਦੀ ਚਿੰਤਾ ਨਹੀਂ ਸੀ। ਮੈਂ ਤੁਰ ਰਿਹਾ ਸੀ ਅਤੇ ਉਨ੍ਹਾਂ ਲੋਕਾਂ ਨੂੰ ਖੁਸ਼ਖਬਰੀ ਦੀਆਂ ਛੋਟੀਆਂ ਕਿਤਾਬਾਂ ਵੰਡ ਰਿਹਾ ਸੀ ਜਿਨ੍ਹਾਂ ਨੂੰ ਮੈਂ ਆਪਣੇ ਰਸਤੇ ਵਿੱਚ ਦੇਖਿਆ ਸੀ ਅਤੇ ਉਨ੍ਹਾਂ ਲੋਕਾਂ ਨੂੰ ਜੋ ਸੜਕ ਦੇ ਹਰ ਪਾਸੇ ਦੇ ਘਰਾਂ ਵਿੱਚ ਰਹਿੰਦੇ ਸਨ। ਮੈਂ ਉਸ ਦਿਨ 12 ਕਿੱਲੋ ਮੀਟਰ ਤੋਂ ਵੱਧ ਤੁਰਿਆ ਸੀ। ਮੈਂ ਭੁੱਖਾ ਸੀ; ਮੈਨੂੰ ਪਿਆਸਾ ਸੀ; ਮੇਰੀ ਜੁੱਤੀ ਦੀ ਪੱਟੀ ਟੁੱਟ ਗਈ। ਰਾਹਗੀਰਾਂ ਨੇ ਮੇਰੇ ਵੱਲ ਬੜੇ ਤਰਸ ਅਤੇ ਹਮਦਰਦੀ ਨਾਲ ਦੇਖਿਆ ਜਿਵੇਂ ਇਕ ਨੌਜਵਾਨ ਮੁੰਡਾ ਹੱਥ ਵਿਚ ਕੁਝ ਕਿਤਾਬਾਂ ਅਤੇ ਖਰਾਬ ਜੁੱਤੀਆਂ ਲੈ ਕੇ ਤੇਜ਼ ਧੁੱਪ ਵਿਚ ਸੜਕ 'ਤੇ ਤੁਰ ਰਿਹਾ ਸੀ।

ਜਦੋਂ ਮੈਂ ਵੇਲਾਚੇਰੀ ਨਾਮਕ ਸਥਾਨ ਤੇ ਪਹੁੰਚਿਆ, ਤਾਂ ਮੇਰੇ ਕੋਲ ਸਾਰੇ ਖੁਸ਼ਖਬਰੀ ਦੀਆਂ ਛੋਟੀਆਂ ਕਿਤਾਬਾਂ ਖਤਮ ਹੋ ਗਈਆਂ ਸਨ। ਇਸ ਤੋਂ ਇਲਾਵਾ, ਉਸ ਸਮੇਂ ਲੋਕਾਂ ਦੀ ਆਵਾਜਾਈ ਘੱਟ ਗਈ ਸੀ।

ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਸਵਰਗ ਖੁੱਲ੍ਹਾ ਹੋਵੇ ਅਤੇ ਸਵਰਗ ਦੀਆਂ ਦੋ ਅੱਖਾਂ ਹੋਰ ਮਨੁੱਖਾਂ ਦੀਆਂ ਭੀੜਾਂ ਨਾਲ ਮੈਨੂੰ ਅਤੇ ਮੇਰੀ ਮੁਸ਼ਕਲ ਹਾਲਾਤ ਨੂੰ ਦੇਖ ਰਹੀਆਂ ਸਨ। ਮੈਂ ਸਰੀਰਕ ਤੌਰ 'ਤੇ ਥੱਕਿਆ ਹੋਇਆ ਸੀ ਪਰ ਮੈਂ ਆਪਣੀ ਆਤਮਾ ਵਿੱਚ ਮਜ਼ਬੂਤ ਮਹਿਸੂਸ ਕੀਤਾ। ਮੈਂ ਰਾਤ ਨੂੰ ਚੇਪੌਕ, ਚੇਨਈ ਵਿਖੇ ਆਪਣੇ ਟਿਕਾਣੇ ਤੇ ਪਹੁੰਚ ਗਿਆ।

ਦਿਨ ਬੀਤ ਗਏ। ਸਾਲ ਵੀ ਬੀਤ ਗਏ। ਪ੍ਰਭੂ ਨੇ ਮੈਨੂੰ ਉਨ੍ਹਾਂ ਸਾਰੇ ਖੇਤਰਾਂ ਵਿੱਚੋਂ ਕਈ ਆਤਮਿਕ ਲੋਕ ਦਿੱਤੇ ਹਨ ਜਿਨ੍ਹਾਂ ਵਿੱਚ ਮੈਂ ਉਸ ਦਿਨ ਚੱਲਿਆ ਸੀ। ਉਸ ਨੇ ਭਰਾ ਦੁਰਾਈ ਦੇ ਪਰਿਵਾਰ ਨਾਲ ਗਹਿਰਾ ਰਿਸ਼ਤਾ ਦਿੱਤਾ। ਰਸਤੇ ਵਿੱਚ,ਦੁਰਈ ਅਤੇ ਉਸਦੀ ਪਤਨੀ ਭੈਣ ਫੈਨੇਲਾ ਅਤੇ ਐਡਵੈਂਟ ਮਿਸ਼ਨ ਚਰਚ ਦੇ ਸਾਰੇ ਪਾਸਟਰ ਸਨ। 1997 ਵਿੱਚ, ਪ੍ਰਭੂ ਨੇ ਮੈਨੂੰ ਸੰਤੋਸ਼ਾਪੁਮ ਵਿੱਚ ਇੱਕ ਚਰਚ ਅਤੇ ਇੱਕ ਇੰਗਲਿਸ਼ ਮੀਡੀਅਮ ਹਾਈ ਸਕੂਲ ( **ਸੰਟ ਪੌਲਜ਼ ਮੈਟ੍ਰਿਕ ਸਕੂਲ** ) ਦੀ ਬਖਸ਼ਿਸ਼ ਦਿੱਤੀ, ਜਿਸ ਵਿੱਚੋਂ ਮੈਂ ਲੰਘਿਆ ਸੀ। ਵੇਲਾਚੇਰੀ ਵਿੱਚ, ਜਿੱਥੇ ਮੈਂ ਉਸ ਦਿਨ ਤੋਂ ਲੰਘਣਾ ਬੰਦ ਕਰ ਦਿੱਤਾ ਸੀ, ਪ੍ਰਭੂ ਨੇ ਮੈਨੂੰ ਇੱਕ ਚਰਚ ਬਣਾਉਣ ਦੇ ਯੋਗ ਬਣਾਇਆ ਅਤੇ ਸਾਡਾ ਪੂਰਾ ਸਮਾਂ ਰਿਹਾਇਸ਼ੀ ਹਿੰਦੀ **ਨਹਮਯਾਹ ਬਾਈਬਲ ਕਾਲਜ ਵੀ ਚਲਾਇਆ** । ਪ੍ਰਭੂ ਨੇ ਪਰਮੇਸ਼ੁਰ ਦੇ ਇੱਕ ਜਨ, ਐਡਵਿਨ ਆਪਣੀ ਜਾਇਦਾਦ ਨੂੰ ਮੇਰੀ ਸੇਵਕਾਈ ਨੂੰ ਦਾਨ ਕਰਨ ਲਈ ਗੱਲ ਕੀਤੀ ਸੀ। ਤਾਂ ਜੋ ਮੈਂ ਇਸਨੂੰ ਚਰਚ ਅਤੇ **ਨਹਮਯਾਹ ਬਾਈਬਲ ਕਾਲਜ ਲਈ ਵਰਤ ਸਕਾਂ** ।

ਇਹ ਦੋਵੇਂ ਸੇਵਕਾਈਆਂ ਹੁਣ **ਉਸ ਦੇ ਬੁਲਾਵੇ ਦੀ ਗੂੰਜ ਦੀਆਂ, ਦੋ ਅੱਖਾਂ ਵਜੋਂ ਕੰਮ ਕਰਦੀਆਂ ਹਨ** ।

ਪ੍ਰਭੂ ਨੇ ਮੈਨੂੰ ਪਵਿੱਤਰ ਆਤਮਾ ਦੀ ਪ੍ਰੇਰਨਾ ਦਾ ਪਾਲਣ ਕਰਨ ਲਈ ਅਗਵਾਈ ਕੀਤੀ ਅਤੇ ਉਨ੍ਹਾਂ ਔਖੇ ਅਨੁਭਵਾਂ ਵਿੱਚੋਂ ਲੰਘਣ ਵਿੱਚ ਮੇਰੀ ਮਦਦ ਕੀਤੀ। ਰਸਤਾ ਕੱਚਾ ਸੀ, ਪਰ ਅੰਤ ਇੱਕ ਮਹਾਨ ਜਿੱਤ ਸੀ।

ਪਿਆਰੇ ਭਰਾਵੋ ਅਤੇ ਭੈਣੋ, ਕੀ ਤੁਸੀਂ ਕਦੇ ਪ੍ਰਭੂ ਨੂੰ ਇਸ ਤਰ੍ਹਾਂ ਬੋਲਦੇ ਸੁਣਿਆ ਹੈ? ਕੀ ਤੁਸੀਂ ਕਦੇ ਤੁਰੰਤ ਆਗਿਆ ਮੰਨੀ ਹੈ? ਕੀ ਤੁਸੀਂ ਕਦੇ ਪਰਮੇਸ਼ੁਰ ਦੇ ਨਿਰਦੇਸ਼ਾਂ ਅਨੁਸਾਰ ਕੰਮ ਕੀਤਾ ਹੈ? ਜਾਂ, ਉਹ ਸੇਵਕਾਈ ਕਰਨ ਦੀ ਬਜਾਏ ਜੋ ਪਰਮੇਸ਼ੁਰ ਨੇ ਤੁਹਾਨੂੰ ਦਿੱਤੀ ਹੈ, ਕੀ ਤੁਸੀਂ ਯੂਨਾਹ ਵਾਂਗ ਕੋਈ ਹੋਰ ਸੇਵਕਾਈ ਕਰ ਰਹੇ ਹੋ ਜੋ ਤੁਹਾਨੂੰ ਅਨੰਦ, ਸੰਤੁਸ਼ਟੀ ਅਤੇ ਸੁਰੱਖਿਆ ਪ੍ਰਦਾਨ ਕਰਦੀ ਹੈ?

ਕੀ ਤੁਸੀਂ ਬਹੁਤ ਸਾਰੇ ਲੋਕਾਂ ਵਿੱਚੋਂ ਇੱਕ ਹੋ ਜੋ ਆਪਣੀ ਸਹੂਲਤ ਅਨੁਸਾਰ ਸੇਵਕਾਈ ਕਰਦੇ ਹਨ ਅਤੇ ਇਹ ਸੋਚਦੇ ਹਨ ਕਿ ਇਹ ਪਰਮੇਸ਼ੁਰ ਦੀ ਇੱਛਾ ਹੈ?

ਜਿਸ ਪ੍ਰਭੂ ਨੇ ਯਹੋਸ਼ੁਆ ਨਾਲ ਵਾਅਦਾ ਕੀਤਾ ਸੀ ਕਿ ਉਹ ਉਸ ਨੂੰ ਉਹ ਧਰਤੀ ਦੇਵੇਗਾ ਜਿੱਥੇ ਉਸ ਦੇ ਪੈਰ ਧਰੇ ਸਨ, ਉਸ ਨੇ ਆਪਣਾ ਵਾਅਦਾ ਪੂਰਾ ਕੀਤਾ (ਯਹੋਸ਼ੁਆ 14:9)। ਉਹ ਤੁਹਾਡੇ ਨਾਲ ਵੀ ਅਜਿਹਾ ਹੀ ਕਰੇਗਾ। ਯਹੋਵਾਹ ਜਿਸਨੇ ਤੁਹਾਨੂੰ ਬੁਲਾਇਆ ਹੈ ਉਹ ਵਫ਼ਾਦਾਰ ਹੈ!

ਉਸ ਦੀ ਆਗਿਆ ਮੰਨੋ ਅਤੇ ਉਸ ਦੀ ਇੱਛਾ ਪੂਰੀ ਕਰੋ। ਇਸ ਜੀਵਤ ਪਰਮੇਸ਼ੁਰ ਨੂੰ ਸੰਸਾਰ ਤੱਕ ਲਿਜਾਣ ਲਈ ਅੱਗੇ ਆਓ। ਯਕੀਨਨ ਜਿੱਤ ਹੈ!

****************

....ਕਦੇ ਛਾਂਟ ਕੇ, ਕਦੇ

ਅਚਾਨਕ ਉਹ ਆਪਣੀ ਨੌਕਰੀ, ਪ੍ਰਸਿੱਧੀ, ਜ਼ਿੰਮੇਵਾਰੀ, ਸਭ ਕੁਝ ਦੀ ਪਛਾਣ ਗੁਆਉਣ ਜਾ ਰਿਹਾ ਸੀ। ਉਸ ਨੇ ਹੁਣ ਤੱਕ ਜਿੰਨੀਆਂ ਵੀ ਮਿਹਨਤਾਂ ਕੀਤੀਆਂ ਸਨ, ਉਹ ਸਭ ਵਿਅਰਥ ਗਈਆਂ ਸਨ।

ਉਸ ਨੇ ਕੀ ਕੀਤਾ? ਦਾਨੀਏਲ ਅਸਥਿਰਤਾ ਦੇ ਇੱਕ ਬਹੁਤ ਹੀ ਠੰਢੇ ਸਮੇਂ ਵਿੱਚ ਸੀ। ਉਸ ਨੇ ਕੀ ਕੀਤਾ? ਆਇਤਾਂ 17 ਅਤੇ 18 ਵਿੱਚ, **ਉਸਨੇ ਇਸਨੂੰ ਆਪਣੇ ਦੋਸਤਾਂ ਨਾਲ ਸਾਂਝਾ ਕੀਤਾ, ਅਤੇ ਉਨ੍ਹਾਂ ਨੇ ਪ੍ਰਾਰਥਨਾ ਕੀਤੀ। ਤੁਰੰਤ, ਉਸਨੇ ਆਪਣੇ ਆਪ ਨੂੰ ਸਮਾਨ ਵਿਸ਼ਵਾਸ ਦੇ ਲੋਕਾਂ ਨਾਲ ਘੇਰ ਲਿਆ ਜੋ ਉਸਦੇ ਨਾਲ ਚੱਲ ਸਕਦੇ ਸਨ ਅਤੇ ਉਸ ਰਸਤੇ ਨੂੰ ਸਮਝ ਸਕਦੇ ਸਨ ਜਿਸ ਤੋਂ ਉਹ ਲੰਘ ਰਿਹਾ ਸੀ।** ਉਨ੍ਹਾਂ ਨੇ ਪ੍ਰਾਰਥਨਾ ਕੀਤੀ, ਅਤੇ ਅਸੀਂ ਜਾਣਦੇ ਹਾਂ ਕਿ ਕੀ ਹੋਇਆ। ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੀਆਂ ਭਵਿੱਖ ਦੀਆਂ ਯੋਜਨਾਵਾਂ ਦਾ ਪ੍ਰਕਾਸ਼ਨ ਦਿੱਤਾ।

ਮਹਾਨ ਹੈ ਸਾਡਾ ਪਰਮੇਸ਼ੁਰ। ਇਸ ਲਈ, ਆਪਣੇ ਆਪ ਨੂੰ ਧਰਮੀ ਲੋਕਾਂ ਨਾਲ ਘੇਰ ਲਓ।

## 3. ਸ਼ਾਂਤ ਰਹੋ ਅਤੇ ਜਾਣ ਲਓ ਮੈਂ ਹੀ ਪਰਮੇਸ਼ੁਰ ਹਾਂ

**ਜ਼ਬੂਰ 46:10**

ਅਸਥਿਰਤਾ ਦੀ ਭਾਵਨਾ ਤੁਹਾਡੇ ਦਿਮਾਗ ਵਿੱਚ ਅੱਗਲੇ ਭਾਗ ਨੂੰ "ਬੰਦ ਕਰਨ" ਦਾ ਕਾਰਨ ਬਣ ਸਕਦੀ ਹੈ, ਸਮੱਸਿਆਵਾਂ ਨੂੰ ਹੱਲ ਕਰਨ, ਧਿਆਨ ਦੇਣ ਅਤੇ ਲਚਕਦਾਰ ਰਹਿਣ ਦੀ ਤੁਹਾਡੀ ਯੋਗਤਾ ਨੂੰ ਕਮਜ਼ੋਰ ਕਰ ਸਕਦੀ ਹੈ। ਇਹ ਤਰਕਹੀਣ ਵਿਵਹਾਰ ਵਿੱਚ ਸ਼ਾਮਲ ਹੋਣ ਦੀਆਂ ਤੁਹਾਡੀਆਂ ਸੰਭਾਵਨਾਵਾਂ ਨੂੰ ਵਧਾਉਂਦਾ ਹੈ ਅਤੇ ਤੁਹਾਨੂੰ ਚਿੰਤਾ, ਉਦਾਸੀ ਅਤੇ ਤਣਾਅ ਦਾ ਵਧੇਰੇ ਖ਼ਤਰਾ ਬਣਾਉਂਦਾ ਹੈ।

ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਮਨ ਨੂੰ ਪਰਮੇਸ਼ੁਰ ਦੀਆਂ ਸੱਚਾਈਆਂ ਉੱਤੇ ਕੇਂਦਰਿਤ ਕਰਕੇ ਉਹਨਾਂ ਗੱਲਾਂ ਉੱਤੇ ਧਿਆਨ ਕੇਂਦਰਿਤ ਕਰੋ ਜਿਸ ਨਾਲ ਫ਼ਰਕ ਪੈਂਦਾ ਹੈ।

ਸਥਿਰਤਾ ਇੱਕ ਅਨੁਸ਼ਾਸਨ ਹੈ ਜੋ ਨਿਰੰਤਰ, ਚੇਤੰਨ ਅਭਿਆਸ ਕਰਦਾ ਹੈ।

ਸ਼ਾਂਤ ਰਹਿਣ ਦਾ ਕੰਮ ਸਾਡੀਆਂ ਇੰਦਰੀਆਂ ਨੂੰ ਅਨੁਸ਼ਾਸਿਤ ਕਰਦਾ ਹੈ ਅਤੇ ਸਾਨੂੰ ਸਾਡੇ ਮੌਜੂਦਾ (ਅਣਜਾਣ) ਹਾਲਾਤਾਂ ਵਿੱਚ ਪਰਮੇਸ਼ੁਰ ਦੀ ਹਜ਼ੂਰੀ ਮੌਜੂਦਗੀ ਬਾਰੇ ਵਧੇਰੇ ਸੁਚੇਤ ਕਰਦਾ ਹੈ।

ਜਦੋਂ ਵੀ ਅਸੀਂ ਉਲਝਣ ਵਿੱਚ ਹੁੰਦੇ ਹਾਂ, ਸਾਨੂੰ ਪਹਾੜਾਂ ਵੱਲ ਦੇਖਣਾ ਚਾਹੀਦਾ ਹੈ ਜਿੱਥੋਂ ਸਾਡੀ ਮਦਦ ਆਉਂਦੀ ਹੈ, ਆਕਾਸ਼ ਅਤੇ ਧਰਤੀ ਦਾ ਸਿਰਜਣਹਾਰ। ਉਹ ਜਿਹੜਾ ਧਰਤੀ ਨੂੰ ਹਿਲਾ ਦਿੰਦਾ ਹੈ ਅਤੇ ਸਮੁੰਦਰ ਨੂੰ ਕੰਬਾਉਂਦਾ ਹੈ, ਉਹ ਜਿਹੜਾ ਖੋਲ੍ਹਦਾ ਅਤੇ ਬੰਦ ਕਰਦਾ ਹੈ।ਪ੍ਰਭੂ ਦੀ ਹਜ਼ੂਰੀ ਵਿੱਚ ਸਥਿਰ ਰਹੋ, ਜਿਸਦਾ ਅਰਥ ਹੈ ਜਾ ਕੇ ਪ੍ਰਭੂ ਦੀ ਹਜ਼ੂਰੀ ਵਿੱਚ ਬੈਠਣਾ ਅਤੇ ਬੋਲਣਾ ਨਹੀਂ। ਬੋਲੋ ਨਾ, ਬੱਸ ਉਦੋਂ ਤੱਕ ਇੰਤਜ਼ਾਰ ਕਰੋ ਜਦੋਂ ਤੱਕ ਤੁਸੀਂ ਉਸ ਤੋਂ ਨਹੀਂ ਸੁਣਦੇ, ਤੁਹਾਡੇ ਵਿਸ਼ਵਾਸ ਦਾ ਲੇਖਕ ਅਤੇ ਇਸ ਨੂੰ ਪੂਰਾ ਕਰਨ ਵਾਲਾ। ਪਰਮੇਸ਼ੁਰ ਦੀ ਲੜਾਈ ਨੂੰ ਆਪਣਾ ਬਣਾਉਣ ਦੀ ਕੋਸ਼ਿਸ਼ ਨਾ ਕਰੋ।

ਜਦੋਂ ਤੁਸੀਂ ਪ੍ਰਭੂ ਦੀ ਹਜ਼ੂਰੀ ਵਿੱਚ ਜਾਂਦੇ ਹੋ:

1) ਆਪਣੀਆਂ ਸੀਮਾਵਾਂ ਨੂੰ ਸਵੀਕਾਰ ਕਰੋ -- ਆਪਣੀ ਭਾਵਨਾ ਨੂੰ ਨਾਮ ਦਿਓ।

2) ਪਰਮੇਸ਼ੁਰ ਨੂੰ ਦਿਓ ਜੋ ਤੁਹਾਡੇ ਕੋਲ ਹੈ –ਢਾਂਗਾ,ਅਤੇ ਇਸ ਨਾਲ ਨਜਿੱਠਣ ਲਈ ਪਰਮੇਸ਼ੁਰ ਦਾ ਢਾਂਗਾ /ਪਰਮੇਸ਼ੁਰ ਨੂੰ ਸਮੱਸਿਆ ਦੇ ਨਾਲ ਨਜਿਠਣ ਦੋ।

3) ਪਰਮੇਸ਼ੁਰ ਦੇ ਵਾਅਦਿਆਂ ਦਾ ਇਕਰਾਰ ਕਰਨਾ ਸ਼ੁਰੂ ਕਰੋ - ਜੇ ਤੁਸੀਂ ਇਸ ਨੂੰ ਇਕਰਾਰ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਯਾਦ ਰੱਖਣ ਦੀ ਜ਼ਰੂਰਤ ਹੈ!

4) **ਪ੍ਰਭੂ ਤੁਹਾਡੇ ਲਈ ਲੜੇਗਾ, ਅਤੇ ਤੁਸਾਂ ਚੁੱਪ ਹੀ ਰਹਿਣਾ।** ਕੂਚ 14:14.

ਪਿਆਰੇ ਦੋਸਤੋ,

ਕਿਰਪਾ ਕਰਕੇ ਪਰਮੇਸ਼ੁਰ ਤੋਂ ਤੁਹਾਨੂੰ ਭਰੋਸੇਮੰਦ ਲੋਕ ਦਿਖਾਉਣ ਲਈ ਕਹੋ ਜੋ ਤੁਹਾਡੇ ਨਾਲ-ਨਾਲ ਚੱਲ ਸਕਦੇ ਹਨ। ਪਰਮੇਸ਼ੁਰ ਨੂੰ ਕਹੋ ਕਿ ਉਹ ਤੁਹਾਨੂੰ ਉਸਦੀ ਹਜ਼ੂਰੀ ਵਿੱਚ ਸਥਿਰ ਰਹਿਣਾ ਅਤੇ ਉਸ ਤੋਂ ਚੁੱਪ-ਚਾਪ ਸਿੱਖਣਾ ਸਿਖਾਏ ਜਿਵੇਂ ਕਿ ਯਸਾਯਾਹ 30:15,ਏਨ ਆਈ ਵੀ - **...ਸ਼ਾਂਤੀ ਅਤੇ ਭਰੋਸੇ ਵਿੱਚਤੁਹਾਡਾ ਬਲ ਹੋਵੇਗਾ।** " ਯਾਦ ਰੱਖੋ, ਭਾਵੇਂ ਜੋ ਵੀ ਹੋਵੇ ਅਤੇ ਤੁਹਾਡੀ ਹਾਲਾਤ ਕਿੰਨੀ ਵੀ ਖਰਾਬ ਕਿਉਂ ਨਾ ਹੋਵੇ, ਸਰਵ ਸ਼ਕਤੀਮਾਨ ਵਿੱਚ ਭਰੋਸਾ ਰੱਖੋ। ਉਹ ਸਾਰੇ ਟੇਢੇ ਰਸਤੇ ਸਿੱਧੇ ਕਰ ਦੇਵੇਗਾ ਕਿਉਂਕਿ **ਉਹ ਅਚਰਜ ਦਾ ਪਰਮੇਸ਼ੁਰ ਹੈ** - (ਜ਼ਬੂਰ 77:14)।

********


# URGENT

We require approximately 1000 Hindi Christian books for **our Nehemiah Bible Colleges**. Kindly inform us about the possibility of obtaining theological Hindi books.

**Please stop sending books in English and Tamil languages.** Thank you.

- Pr. S. Sam Selva Raj, Editor
+91-98412 71858

# URGENT NEED

VICE PRINCIPAL & TEACHERS
for
ST. PAUL'S MATRICULATION SCHOOL,
An *Echo of His Call* Institution
Vijayanagaram, Medavakkam,
Chennai - 100.

We need well qualified, experienced, dedicated, hard working and mission oriented Christians.

Apply with Bio-data to
E.mail: sam@echoofhiscall.org
WhatsApp: (+91) 98412 71858

# WANTED for

NEHEMIAH BIBLE COLLEGE
of ECHO OF HIS CALL, Chennai
ATA - Registered Candidate for Membership

**DEAN (Residential):**
Hindi Theologian with M.Div. / M.Th. Degree & experience. Boarding, Lodging and Salary will be paid.

Eligible candidates may send bio--data to:

E.mail: sam@echoofhiscall.org
WhatsApp: (+91) 98412 71858

RNI NO. TNPUN/2000/1914, Postal Regn. No. TN/CH/(C)/192/24-26 WPP NO. TN/PMG(CCR)/WPP-263/24-26

# ਇਸ਼ਤਿਹਾਰ

## ਬੁਲਾਵੇ ਦੀ ਗੂੰਜ ਯੂ-ਟਿਊਬ

ਜਦੋਂ ਵੀ ਤੁਹਾਡੇ ਕੋਲ ਸਮਾਂ ਹੋਵੇ ਕਿਰਪਾ ਕਰਕੇ ਸਾਡੇ ਯੂ-ਟਿਊਬ ਚੈਨਲ ਨੂੰ ਵੇਖੋ ਅਰ ਸਬਸਕ੍ਰਾਈਬ ਕਰੋ। ਧੰਨਵਾਦ

– ਸੰਪਾਦਕ

## OUR BANK DETAILS:

### *1. Bank : State Bank of India*

Branch : **Triplicane, Chennai-5**
Name : **S. Sam Selva Raj**
A/C No. : **1023 2934 679**
IFSC : **SBIN 00 00 249**
SWIFT CODE : **SBI NIN BB 455**

### *2. Bank : ICICI Bank*

Branch : **Anna Salai, Chennai-6**
Name : **Echo of His Call**
A/C No. : **6038 0502 2319**
IFSC : **ICIC 000 6038**

### *3. Bank : State Bank of India*

(This Account is for Tax Exemption for Indians only )

Branch : **Triplicane, Chennai-5**
Name : **Echo of His Call Educational Trust**
A/C No. : **1023 2923 805**
IFSC : **SBIN 00 00 249**

**Google Pay: 98410 71858**
**PayPal : SAM SELVA RAJ**
*****
**E.mail : sam@echoofhiscall.org**

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੁਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

**ਸਲਾਨਾ ਚੰਦਾ 100/- ਰੁ: ਜੀਵਨ ਭਰ ਲਈ ਚੰਦਾ: 2000/- ਰੁ:**

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਖੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :
**ECHO OF HIS CALL**
10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com

**YOU CAN SEND YOUR DONATION ONLINE ALSO**

RNI NO. 2000/1914
Postal Regn. No. TN/CH/(C)/192/24-26
WPP NO. TN/PMG(CCR) / WPP- 263/24-26
Date of Publication: Third week of every month
Date of Posting : 19th & 20th of every month
Posted at "Egmore RMS / 1 Patrika Channel"
on 20th MARCH, 2024
If un-delivered please return to:
**ECHO OF HIS CALL (PUNJABI)**
P.O. Box No. 2957,
Chepauk, Chennai - 600 005, INDIA.
Phone: (+ 91- 44) 2852 8282, 2852 9293, 2854 7766

***JESUS LOVES YOU!***

**To**

*GOD BLESS YOU!*

Owned and published by **S. Sam Selva Raj** from New No. 8 & 10, Old No.18 & 19, Mohammed Abdullah 2nd Street, Chepauk, Chennai-600 005 and printed by **S. Sam Selva Raj** at **Echo of His Call Printers**, New No. 8 & 10, Old No.18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**